# ਸਚੀ ਤੇਰੀ ਸਿਫਤਿ

ਮਾ. ਅਮਰੀਕ ਸਿੰਘ

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

# ਸਚੀ ਤੇਰੀ ਸਿਫਤਿ

Sri Satguru Jagjit Singh Ji Elibrary NamdhariElibrary@gmail.com

● ਏਸੇ ਕਲਮ ਤੋਂ

– ਪੰਖੜੀਆਂ—ਕਵਿਤਾਵਾਂ ਤੇ ਗੀਤ
– ਗ਼ਮ ਦੀ ਮਹਿਕ—ਗ਼ਜ਼ਲ ਸੰਗ੍ਰਹਿ
– ਦਰਦ ਦਾ ਅਹਿਸਾਸ—ਗ਼ਜ਼ਲ ਸੰਗ੍ਰਹਿ
– ਮਿੱਠੀਆਂ ਮਿਰਚਾਂ—ਵਿਅੰਗ

Sri Satguru Jagjit Singh Ji Elibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।।

# ਸਚੀ ਤੇਰੀ ਸਿਫਤਿ

(ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਿਫ਼ਤ ਵਿਚ ਸ਼ਰਧਾ ਭਰੇ ੧੦੮ ਗੀਤ)

ਮਾਸਟਰ ਅਮਰੀਕ ਸਿੰਘ

ਨਾਮਧਾਰੀ ਦਰਬਾਰ
ਸ੍ਰੀ ਭੈਣੀ ਸਾਹਿਬ
ਪੰਜਾਬ

Sri Satguru Jagjit Singh Ji Elibrary NamdhariElibrary@gmail.com

"Sachi Teri Sifat"
By : **Master Amrik Singh**
Amritsar Kalan
Sirsa-125102

© ਨਾਮਧਾਰੀ ਦਰਬਾਰ

ਪਹਿਲੀ ਵਾਰ : 1995

ਪ੍ਰਕਾਸ਼ਕ
ਹਰਵਿੰਦਰ ਸਿੰਘ ਹੰਸਪਾਲ
ਜਨਰਲ ਸਕੱਤਰ
ਨਾਮਧਾਰੀ ਦਰਬਾਰ
ਸ੍ਰੀ ਭੈਣੀ ਸਾਹਿਬ-141126
ਜ਼ਿਲਾ ਲੁਧਿਆਣਾ

ਛਾਪਕ : ਬੰਗਾਲ ਪ੍ਰਿੰਟਿਗ ਪ੍ਰੈਸ
ਕਰੋਲ ਬਾਗ ਨਵੀਂ ਦਿੱਲੀ

ਟਾਈਪ ਸੈਟਿੰਗ
ਕੈਡਕੋਨ. ਨਵੀਂ ਦਿੱਲੀ-58

ਮੁਲ : 20 ਰੁਪਏ

Sri Satguru Jagjit Singh Ji Elibrary NamdhariElibrary@gmail.com

ਸਚੀ ਤੇਰੀ ਸਿਫਤਿ ਸਚੀ ਸਾਲਾਹ
ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ
-ਗੁਰੂ ਨਾਨਕ ਦੇਵ ਜੀ

ਸਮਰਪਨ

ਨਾਮਧਾਰੀ ਪੰਥ ਦੇ ਮਹਾਨ ਸੰਤ ਅਤੇ
ਜੱਸ ਜੀਵਨ ਦੇ ਲੇਖਕ
ਸੰਤ ਤਰਨ ਸਿੰਘ ਵਹਿਮੀ ਦੀ ਮਿੱਠੀ ਯਾਦ ਨੂੰ

Sri Satguru Jagjit Singh Ji Elibrary NamdhariElibrary@gmail.com

# "ਸਚੀ ਤੇਰੀ ਸਿਫਤਿ"

*ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ॥*
*ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ॥*

ਗੁਰਬਾਣੀ ਦਾ ਵਾਕ ਹੈ ਕਿ ਗੁਰੂ ਦਾਤਾ ਹੈ ਗੁਰੂ ਹਿਮ ਅਰਥਾਤ ਸੀਤਲਤਾ ਦਾ ਭੰਡਾਰ ਹੈ ਅਤੇ ਗੁਰੂ ਉਹ ਦੀਪਕ ਹੈ ਜਿਸ ਦਾ ਪ੍ਰਕਾਸ਼ ਤਿੰਨਾਂ ਲੋਕਾਂ ਵਿਚ ਪ੍ਰਦੀਪਤ ਹੈ। ਗੁਰੂ ਦੀ ਸ਼ਰਨ ਵਿਚ ਜਾ ਕੇ ਪ੍ਰਾਣੀ ਨੂੰ ਨਾਮ ਦਾ ਉਹ ਅਮਰ ਪਦਾਰਥ ਮਿਲ ਜਾਂਦਾ ਹੈ ਜਿਸ ਨੂੰ ਪਾ ਕੇ ਉਹ ਮਨ ਇੱਛਤ ਸੁਖ ਨੂੰ ਪ੍ਰਾਪਤ ਕਰ ਸਕਦਾ ਹੈ। ਸਤਿਗੁਰੂ ਦੀ ਮਹਿਮਾ ਅਪਰ ਅਪਾਰ ਹੈ। ਉਸ ਦੀ ਵਡਿਆਈ ਤੇ ਕੀਰਤੀ ਨੂੰ ਕੇਵਲ ਉਹ ਜਨ ਹੀ ਜਾਣ ਸਕਦਾ ਹੈ ਜਿਸ ਨੂੰ ਗੁਰੂ ਆਪ ਕਿਰਪਾ ਕਰਕੇ ਉਹ ਪਿਰਮ ਪਿਆਲਾ ਬਖਸ਼ਦਾ ਹੈ ਅਤੇ ਆਪਣੇ ਚਰਨ ਕੰਵਲਾਂ ਦੀ ਪ੍ਰੀਤ ਦੇ ਰਹੱਸ ਨੂੰ ਖੋਲਦਾ ਹੈ। ਉਸ ਸਿਖ ਦੇ ਵੀ ਧੰਨ ਭਾਗ ਹੁੰਦੇ ਹਨ ਜਿਸ ਉਤੇ ਸਤਿਗੁਰੂ ਦੀ ਅਜਿਹੀ ਕਿਰਪਾ ਹੁੰਦੀ ਹੈ। ਵਾਸਤਵ ਵਿਚ ਮਨੁਖਾ ਜੀਵਨ ਦਾ ਸਭ ਤੋਂ ਵਡਾ ਲਕਸ਼ ਹੀ ਗੁਰੂ ਦੀ ਸ਼ਰਨ ਵਿਚ ਜਾਕੇ ਪ੍ਰਭੂ ਪ੍ਰੀਤਮ ਦੇ ਨਾਮ ਰੰਗ ਦੁਆਰਾ ਆਪਣੇ ਸਾਰੇ ਜੀਵਨ ਨੂੰ ਇਕ ਉਤਮ ਜੀਵਨ ਜੁਗਤ ਵਿਚ ਢਾਲਣਾ ਹੈ ਅਤੇ ਇਹ ਜੀਵਨ ਜੁਗਤ ਸਾਨੂੰ ਗੁਰੂ ਦੇ ਚਰਨਾਂ ਨਾਲ ਜੁੜ ਕੇ ਹੀ ਪ੍ਰਾਪਤ ਹੁੰਦੀ ਹੈ।

ਜਿਸ ਵਿਅਕਤੀ ਉਤੇ ਗੁਰੂ ਆਪ ਮਿਹਰ ਕਰਦਾ ਹੈ ਉਸਨੂੰ ਆਪਣੇ ਦਰਸ਼ਨਾਂ ਦਾ ਸੁਭਾਗਾ ਅਵਸਰ ਬਖਸ਼ਦਾ ਹੈ ਅਤੇ ਨਾਮ ਅੰਮ੍ਰਿਤ ਦੀ ਦਾਤ ਪ੍ਰਦਾਨ ਕਰਕੇ ਉਸ ਵਿਅਕਤੀ ਦੇ ਜਨਮ ਮਰਨ ਦੇ ਗੇੜ ਨੂੰ ਕੱਟ ਕੇ ਸਾਰੇ ਜੀਵਨ ਪੰਧ ਨੂੰ ਸੁਖਾਲਾ ਬਣਾ ਦਿੰਦਾ ਹੈ। ਸਚਮੁਚ ਅਜਿਹੇ ਗੁਰਸਿਖ ਬੜੇ ਵਿਰਲੇ ਹੁੰਦੇ ਹਨ ਜੋ ਗੁਰੂ ਜੀ ਦੇ ਪਰੇਮ ਰੰਗ ਵਿਚ ਰੰਗੇ ਜਾਂਦੇ ਹਨ ਅਤੇ ਆਪਣੇ ਹਰ ਕਰਮ ਨੂੰ ਗੁਰੂ ਦੇ ਸਮਰਪਤ ਕਰ ਦੇਂਦੇ ਹਨ। ਗੁਰੂ ਦੀ ਯਾਦ, ਉਸ ਦੀ ਮਹਿਮਾ ਦਾ ਅਨੁਭਵ ਅਤੇ ਉਸ ਦੀ ਵਡਿਆਈ ਦਾ ਅਹਿਸਾਸ ਗੁਰੂ ਦੇ ਸਿਖ ਨੂੰ ਛਿਨ ਛਿਨ ਹੁੰਦਾ ਰਹਿੰਦਾ ਹੈ। ਇਹ ਇਕ ਵਿਸਮਾਦੀ ਅਵਸਥਾ ਹੁੰਦੀ ਹੈ ਜਿਸਨੂੰ ਸ੍ਰੀ ਗੁਰੂ ਰਾਮ ਦਾਸ ਜੀ ਨੇ "ਜਨ ਨਾਨਕ ਮੁਸਕ ਝਕੋਲਿਆ ਸਭੁ ਜਨਮ ਧੰਨ ਧੰਨਾ" ਦੇ ਰੂਪ ਵਿਚ ਬਖਾਨ ਕੀਤਾ ਹੈ ਇਸ ਅਵਸਥਾ ਨੂੰ ਪ੍ਰੋ: ਪੂਰਨ ਸਿੰਘ ਦੇ ਸ਼ਬਦਾਂ ਵਿਚ ਜੇ ਕਹਿਣਾ ਹੋਵੇ ਤਾਂ ਇਹ ਇਕ ਅਤਿ ਦੀ ਕਾਵਿਮਈ ਸਥਿਤੀ ਹੁੰਦੀ ਹੈ ਜਿਸ ਵਿਚ ਉਹ ਵਿਅਕਤੀ ਜੋ ਗੁਰੂ ਦੀ ਮਿਹਰ ਦਾ ਪਾਤਰ ਹੈ ਆਪਣੇ ਆਪ ਨੂੰ ਇਕ ਅਲੌਕਿਕ ਪਰੇਰਨਾ ਸ਼ੀਲ ਅਵਸਥਾ ਵਿਚ ਅਨੁਭਵ ਕਰਦਾ ਹੈ ਤੇ ਉਚੇਰੀ ਕਵਿਤਾ ਭਾਵੇਂ ਉਹ ਕਿੰਨੇ ਵੀ ਟੁੱਟੇ ਫੁੱਟੇ ਸ਼ਬਦਾਂ ਵਿਚ ਹੋਂਦ ਵਿਚ ਆਵੇ ਉਹ ਏਸੇ ਪਰੇਰਨਾਸ਼ੀਲ ਦੈਵੀ ਆਵੇਸ਼ ਦੀ ਦੇਣ ਹੁੰਦੀ ਹੈ। ਇਸ ਕਾਵਿ ਸੰਚੀ "ਸਚੀ ਤੇਰੀ ਸਿਫਤਿ" ਵਿਚ ਅਜਿਹੀ ਆਵੇਸ਼-ਗੀਤ ਕਵਿਤਾ ਦੇ ਗੁਣ ਸਹਿਜ ਰੂਪ ਵਿਚ ਹੀ ਵਿਦਮਾਨ ਹਨ। ਮਾਸਟਰ ਅਮਰੀਕ ਸਿੰਘ ਇਸ ਸੰਗ੍ਰਹਿ ਤੋਂ ਪਹਿਲਾਂ ਵੀ ਚਾਰ ਕਾਵਿ ਸੰਗ੍ਰਹਿ, 'ਪੰਖੜੀਆਂ', 'ਗ਼ਮ ਦੀ ਮਹਿਕ', 'ਦਰਦ ਦਾ ਅਹਿਸਾਸ' ਅਤੇ 'ਮਿਠੀਆਂ ਮਿਰਚਾਂ' ਪੰਜਾਬੀ ਸਾਹਿਤਕ ਜਗਤ ਨੂੰ ਦੇ ਚੁਕੇ ਹਨ ਜਿੰਨ੍ਹਾਂ ਵਿਚ ਕਵਿਤਾਵਾਂ ਗ਼ਜ਼ਲਾਂ ਅਤੇ ਗੀਤ ਸੰਕਲਿਤ ਹਨ।

ਇਹ ਹਥਲਾ ਕਾਵਿ ਸੰਗ੍ਰਹਿ 'ਸਚੀ ਤੇਰੀ ਸਿਫਤਿ' ਪਤਿਤ ਪਾਵਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੂੰ ਸਮਰਪਤ ਹੈ ਅਤੇ ਕਵੀ ਨੇ ਆਪ ਜੀ ਦੇ ੭੫ਵੇਂ ਜਨਮ-ਦਿਵਸ ਦੇ



Sri Satguru Jagjit Singh Ji Elibrary NamdhariElibrary@gmail.com

ਸ਼ੁਭ ਅਵਸਰ ਉਤੇ ਅਠੋਤਰੀ ਮਾਲਾ ਦੇ ਰੂਪ ਵਿਚ ਗੁੰਦ ਕੇ ਉਹਨਾਂ ਦੇ ਚਰਨ ਕਮਲਾਂ ਉਤੇ ਭੇਟ ਕੀਤਾ ਹੈ। ਕਵੀ ਸ੍ਰੀ ਸਤਿਗੁਰੂ ਜੀ ਦੇ ਚਲੂਲੇ ਪ੍ਰੇਮ ਰੰਗ ਅਤੇ ਅਨੂਠੀ ਸ਼ਰਧਾ ਭਗਤੀ ਵਿਚ ਰੱਤਾ ਹੋਇਆ ਹੈ ਅਤੇ ਗੁਰੂ ਤੇ ਸਿੱਖ ਜਾਂ ਪੀਰ ਮੁਰੀਦ ਪਿਰਹੜੀ ਦੇ ਅਨੇਕ ਅਨੁਭਵ ਯਾਦਾਂ ਤੇ ਕਲਪਨਾ ਸਚਿੱਤਰ ਇਸ ਸੰਗ੍ਰਹਿ ਦੀ ਕਵਿਤਾ ਵਿਚ ਮੌਜੂਦ ਹਨ। ਕਵੀ ਦੇ ਲਈ ਸਭ ਤੋਂ ਉੱਚਾ ਆਦਰਸ਼ ਉਸ ਦਾ ਸੁਹਿਰਦ ਹੋਣਾਂ ਹੈ ਅਤੇ ਇਸ ਸੁਹਿਰਦਤਾ ਵਿਚੋਂ ਹੀ ਉਚੇਰੀ ਪ੍ਰਗੀਤਕ ਕਵਿਤਾ ਦਾ ਜਨਮ ਹੁੰਦਾ ਹੈ ਕਵੀ ਆਪਣੇ ਇਸ਼ਟ ਗੁਰਦੇਵ ਪ੍ਰਤੀ ਬੜਾ ਸੁਹਿਰਦ ਤੇ ਸਨਿਮਰ ਹੈ ਅਤੇ ਇਸ ਸਾਰੀ ਕਵਿਤਾ ਵਿਚ ਇੰਜ ਪਰਤੀਤ ਹੁੰਦਾ ਹੈ ਜਿਵੇਂ ਸਤਿਗੁਰੂ ਜੀ ਦੇ ਨਿਕਟ ਵਿਚਰ ਕੇ ਉਹ ਆਪਣੇ ਪਰੇਮ ਤੇ ਸ਼ਰਧਾ ਦੇ ਉਦਗਾਰਾਂ ਨੂੰ ਗੀਤਾਂ ਵਰਗੀ ਮਧੁਰ ਤੇ ਗ਼ਜ਼ਲ ਵਰਗੇ ਲਲਿਤ ਪਦਾਂ ਵਿਚ ਅਭਿਵਿਅਕਤ ਕਰ ਰਿਹਾ ਹੋਵੇ। ਇਹ ਸਾਰਾ ਸਾਰ ਸਿਰਜਨਾਤਮਕ ਕਾਰਜ ਸਹਿਜ ਸੁਭਾ ਤੇ ਆਪ ਮੁਹਾਰੇ ਹੀ ਹੋ ਰਿਹਾ ਹੈ। ਕਿਤੇ ਉਹ ਉਸ ਪਵਿਤਰ ਸ਼ਾਂਤੀ ਭੂਮੀ ਸ੍ਰੀ ਭੈਣੀ ਸਾਹਿਬ ਦੀ ਮਹਿਮਾ ਨੂੰ ਦਰਸਾ ਰਿਹਾ ਹੈ ਕਿਤੇ ਚੀਨੀ ਵਾਲੇ ਪਾਤਸ਼ਾਹ ਨੂੰ ਯਾਦ ਕਰ ਰਿਹਾ ਹੈ ਤੇ ਕਿਵੇਂ ਸਤਿਗੁਰੂ ਰਾਮ ਸਿੰਘ ਜੀ ਨੇ ਇਸ ਪਵਿਤਰ ਸਥਾਨ ਉਤੇ ਸੰਤ ਖਾਲਸੇ ਦਾ ਪ੍ਰਕਾਸ਼ ਕੀਤਾ ਸੀ ਅਤੇ ਕਿਵੇਂ ਆਜ਼ਾਦੀ ਦੀ ਜੋਤ ਜਗਾਈ ਸੀ। ਕਿਵੇਂ ਆਪ ਨੇ ਸਾਦਗੀ ਭਰੇ ਸੁਦੇਸੀ ਜੀਵਨ-ਜੁਗਤ ਨੂੰ ਪਰਚਾਰਿਆ ਸੀ। ਅਤੇ ਕਿਸਤਰ੍ਹਾਂ ਆਪ ਜੀ ਨੂੰ ਕਿਸੇ ਸਮੇਂ ਚੀਨੀ ਨੂੰ ਏਥੇ ਛਡ ਕੇ ਬੈਲ-ਗਡੇ ਤੇ ਸਵਾਰ ਹੋ ਪਰਦੇਸ ਗਮਨ ਕਰਨਾ ਪਿਆ ਸੀ, ਫੇਰ ਕਿਸਤਰ੍ਹਾਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਵਿਦੇਸ਼ੀ ਸਾਮਰਾਜ ਦੇ ਦਮਨ ਚਕਰ ਵਿਚ ਸਿਖੀ ਦੇ ਬਾਗ਼ ਨੂੰ ਹਰਾ ਭਰਾ ਰਖਿਆ ਤੇ ਵਡ ਪਰਤਾਪੀ ਸਤਿਗੁਰੂ ਜੀ ਨੇ ਕਿਵੇਂ ਆਪਣੇ ਸੇਵਕਾਂ ਨੂੰ ਨਵੇਂ ਆਦਰਸ਼ ਸੁਝਾਏ, ਦੇਸ਼ ਵੰਡ ਦੇ ਕਰੂਣ ਮਈ ਸਮਾਚਾਰਾਂ ਦਾ ਵਰਨਣ ਵੀ ਘਟ ਮਾਰਮਕ ਨਹੀਂ।

ਪਰ ਇਸ ਸੰਗ੍ਰਹਿ ਦੀ ਵਧੇਰੀ ਕਵਿਤਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਰੇਮ.ਰੰਗ ਵਿਚ ਰੰਗੀ ਹੋਈ ਹੈ, ਜਿਸ ਦੀ ਨਿਜੀ-ਛੋਹ ਇਸ ਸੰਗ੍ਰਹਿ ਦੀ ਕਵਿਤਾ ਦੀ ਹਰ ਪੰਗਤੀ ਵਿਚੋਂ ਮਿਲ ਸਕਦੀ ਹੈ। ਕਵੀ ਭਾਵੇਂ ਗੀਤ ਲਿਖ ਰਿਹਾ ਹੋਵੇ ਜਾਂ ਗ਼ਜ਼ਲ, ਰੁਬਾਈ ਜਾਂ ਕਵਿਤਾ ਹਰ ਰਚਨਾ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਜ਼ੂਰੀ ਦਰਸ਼ਨ ਹੋ ਜਾਂਦੇ ਹਨ। ਇਸ ਸੰਗ੍ਰਹਿ ਦੀ ਇਕ ਕਵਿਤਾ ਵਿਚ ਸ੍ਰੀ ਸਤਿਗੁਰੂ ਜੀ ਦੇ ਕਵੀ ਦੇ ਗ੍ਰਿਹਿ ਵਿਖੇ ਦਰਸ਼ਨ ਦੇਣ ਦੀ ਸੁਭਾਗੀ ਘੜੀ ਦਾ ਵਰਨਣ ਹੈ ਜਿਸਨੂੰ ਪੜ੍ਹ ਕੇ ਹਰ ਪਾਠਕ ਉਸ ਸ਼ਰਧਾ ਭਾਵ ਵਿਚ ਗੜੂੰਦ ਹੋ ਜਾਂਦਾ ਹੈ ਜੋ ਇਸ ਕਵੀ ਨੇ ਸਤਿਗੁਰੂ ਜੀ ਦੇ ਪਰਤਖ ਦਰਸ਼ਨ ਕਰਨ ਸਮੇਂ ਪਰਤੀਤ ਕੀਤਾ ਸੀ ਅਤੇ ਉਸੇ ਮੰਗਲ ਛਿਨ ਦੀ ਯਾਦ ਦੀ ਪੁਨਰ ਸੁਰਜੀਤੀ ਕਰ ਕੇ ਕਵੀ ਨੇ ਇਹ ਪੰਗਤੀਆਂ ਲਿਖੀਆਂ ਹਨ।

ਮੈਨੂੰ ਪੂਰਨ ਵਿਸ਼ਵਾਸ ਹੈ ਕਿ ਗੁਰੂ ਚਰਨਾਂ ਵਿਚ ਸਮਰਪਤ ਇਹ ਅਠੋਤਰੀ ਕਾਵਿ ਮਾਲਾ ਪਰਵਾਨ ਹੋਵੇਗੀ ਅਤੇ ਇਸ ਪੀਰ ਮੁਰੀਦ ਦੀ ਪਿਰਹੜੀ ਦੀ ਕਵਿਤਾ ਵਿਚੋਂ ਅਨੇਕ ਸਿਖ ਉਸ ਗੁਰੂ ਪਰੇਮ ਅਤੇ ਗੁਰੂ ਭਗਤੀ ਦੇ ਅਮੋਲਕ ਗੁਣਾਂ ਨੂੰ ਗ੍ਰਹਿਣ ਕਰ ਸਕਣਗੇ ਜੋ ਹਰ ਪ੍ਰਾਣੀ ਮਾਤਰ ਦੇ ਕਲਿਆਣ ਤੇ ਆਤਮਕ-ਉੱਥਾਨ ਲਈ ਅਮੋਲਕ ਰਤਨਾਂ ਦੀ ਨਿਧੀ ਹੈ।

*ਪ੍ਰੋ: ਕਿਰਪਾਲ ਸਿੰਘ ਕਸੇਲ*

**23.11.95**
**ਮਹੱਲਾ ਸੂਈ ਗਰਾਂ**
**ਪਟਿਆਲਾ**



Sri Satguru Jagjit Singh Ji Elibrary NamdhariElibrary@gmail.com

# ਉਸਦੀ ਸਿਫਤ ਕਰਾਂ ਮੈਂ ਕੀਕਰ

ਗੁਰੂ, ਸਿੱਖ ਦਾ ਅਧਿਆਤਮਕ ਪਿਤਾ ਹੁੰਦਾ ਹੈ। ਉਹ ਆਪਣੇ ਸਿੱਖ ਦੀ ਆਤਮਿਕ ਅਤੇ ਭੌਤਕ ਉਨਤੀ ਲਈ ਪ੍ਰੇਰਨਾ ਸ੍ਰੋਤ ਹੁੰਦਾ ਹੈ। ਆਪਣੇ ਸੇਵਕ ਦੀ ਸੋਚ ਨੂੰ ਇੱਕ ਸੇਧ, ਇੱਕ ਦਿਸ਼ਾ, ਇਕ ਲਕਸ਼ ਤੇ ਇਕ ਅਰਥ ਪ੍ਰਦਾਨ ਕਰਦਾ ਹੈ, ਅਰਥ ਜ਼ਿੰਦਗੀ ਦਾ-ਜ਼ਿੰਦਗੀ ਦੇ ਮਕਸਦ ਦਾ, ਲਕਸ਼ ਮੰਜ਼ਿਲ ਦਾ-ਮੰਜ਼ਿਲ ਦੇ ਮਹੱਤਵ ਦਾ। ਗੁਰਬਾਣੀ ਦਾ ਅਥਾਹ ਸਾਗਰ, ਗੁਰੂ-ਮਹਿਮਾ ਦੀ ਅਸੀਮਤਾ ਦਾ ਭੰਡਾਰ ਹੈ। ਸਮੇਂ ਸਮੇਂ ਸਿਖ, ਸਾਧਕ, ਭਗਤ ਜਨ ਆਪਣੇ ਇਸ਼ਟ-ਸਤਿਗੁਰੂ ਦੀ ਮਹਿਮਾ ਦਾ ਗਾਇਨ ਕਰਦੇ ਰਹੇ ਹਨ-ਜਗਿਆਸੂ ਭਾਵਨਾ ਅਧੀਨ, ਸ਼ਰਧਾ ਭਾਵਨਾ ਅਧੀਨ ਅਤੇ ਸਮ੍ਰਪਤ ਭਾਵਨਾ ਅਧੀਨ। ਪਰ ਅੰਤ ਵੇਦ ਦੀ ਉਕਤੀ ਕੇਤੀ ਕੇਤੀ ਸਵਾਂਗ ਅਨੰਤ ਅਪਾਰ, ਅਥਾਹ, ਅਗੋਚਰ, ਅਲਖ, ਨਿਰੰਜਨ-ਅਲੇਖ, ਅਭੇਦ ਆਦਿ ਕਹਿ ਕੇ ਚੁਪ ਸਾਧ ਗਏ-ਤ੍ਰਿਪਤ ਹੋ ਗਏ। ਉਹ ਅਚੰਭਿਤ ਹੁੰਦੇ ਰਹੇ ਉਸ ਸ਼ਖਸੀਅਤ ਤੋਂ ਜਿੱਥੇ ਸਰਗੁਣ-ਨਿਰਗੁਣ ਦਾ ਇੱਕੋ ਥਾਂ ਨਿਵਾਸ ਹੈ। ਜਿੱਥੇ ਪ੍ਰੇਮ ਹੀ ਪ੍ਰੇਮ ਹੈ-ਜਿੱਥੇ ਵਿਸ਼ਵਾਸ ਹੀ ਵਿਸ਼ਵਾਸ ਹੈ।

ਸਚੀ ਤੇਰੀ ਸਿਫਤਿ' ਵਿਚ ਸ਼ਾਮਲ ਮਾਸਟਰ ਅਮ੍ਰਿਕ ਸਿੰਘ ਦੀਆਂ ਰਚਨਾਵਾਂ ਦਾ ਅਵਲੋਕਨ ਸਮ੍ਰਪਤ ਸਿੱਖ ਦੀਆਂ ਭਾਵਨਾਵਾਂ ਦਾ ਜਿੱਥੇ ਬਹੁਤ ਸੁੰਦਰ ਪਰਗਟਾਵਾ ਹੈ-ਓਥੇ ਹੀ ਇੱਕ ਜਗਿਆਸੂ ਦੀ ਪਲ ਵਿਚ ਤੋਲਾ ਪਲ ਵਿਚ ਮਾਸਾ ਹੋਣ ਵਾਲੀ ਮਨੋਦਸ਼ਾ ਦਾ ਵੀ ਲਖਾਇਕ ਹੈ। ਉਸ ਅੰਦਰ ਗੁਰੂ ਦਰਸ਼ਨਾਂ ਦੀ, ਗੁਰੂ ਦ੍ਰਿਸ਼ਟੀ ਦੀ ਵਡੇਰੀ ਉਮੰਗ ਹੈ-ਚਾਹ ਹੈ-ਖਿੱਚ ਹੈ। ਜੇਕਰ ਉਸਨੂੰ ਕਿਤੇ ਇਹ ਮਹਿਸੂਸ ਹੁੰਦਾ ਹੈ ਕਿ ਉਸ ਉਪਰ ਮਿਹਰ ਭਰੀ ਨਜ਼ਰ ਪੈ ਗਈ ਹੈ ਤਾਂ ਉਹ ਧੰਨ ਧੰਨ ਹੋ ਜਾਂਦਾ ਹੈ-ਬਲਿਹਾਰ ਬਲਿਹਾਰ ਪੁਕਾਰ ਉਠਦਾ ਹੈ। ਅਤੇ ਆਪਣਾ ਜੀਵਣ ਸਫਲ ਸਫਲ ਮੰਨਣ ਲਗ ਪੈਂਦਾ ਹੈ। ਪਰ ਜੇ ਕਿਤੇ ਉਸਨੂੰ ਪੂਰੇ ਦਰਸ਼ਨ ਨਹੀਂ ਹੋ ਸਕੇ, ਮਿਹਰ ਦੀ ਭਰਪੂਰ ਨਜ਼ਰ ਨਹੀਂ ਪਈ-ਉਸਦੇ ਕੋਲੋਂ ਦੀ ਲੰਘ ਗਏ-ਪਰ ਉਸ ਨਾਲ ਗਲਬਾਤ ਨਹੀਂ ਕੀਤੀ, ਤਾਂ ਉਹ ਬਿਹਬਲ ਹੋ ਉਠਦਾ ਹੈ।

ਦਰ ਅਸਲ ਇਹ ਬਿਹਬਲ-ਤ੍ਰਿਪਤੀ ਹੀ ਉਸਦੇ ਕਾਵਿ ਲੋਕ ਦਾ ਪਸਾਰਾ ਹੈ।

*'ਤੇਰੇ ਪਿਆਰ ਦਾ ਮੋਅਜਜ਼ਾ ਹੈ ਇਹ ਸਾਰਾ*
*ਬਣੀ ਬੇਸ਼-ਕੀਮਤ ਮੇਰੀ ਜ਼ਿੰਦਗਾਨੀ।'*
*'ਤੇਰੀ ਅਜ਼ਮਤ ਦਾ ਸਾਨੀ ਮੈਂ ਕਿਸਨੂੰ ਕਹਾਂ,*
*ਕਿਹੜਾ ਪੱਖ ਹੈ ਜੋ ਮੇਰਾ ਨਹੀਂ-ਪੂਰਦਾ।'*

ਪਰਮੁਖ ਸੁਰ ਜੋ ਉਸਦੀ ਕਵਿਤਾ ਵਿਚੋਂ ਬੜੇ ਵੇਗ ਨਾਲ ਉਭਰਦਾ ਹੈ, ਉਹ ਹੈ-ਉਸਦੀ ਆਪਣੇ ਸਤਿਗੁਰੂ ਪ੍ਰਤੀ ਆਸਥਾ-ਪੂਰਨ ਸਮ੍ਰਪਤ ਭਾਵਨਾ। ਉਸਨੂੰ ਪੂਰਨ ਵਿਸ਼ਵਾਸ ਹੈ ਕਿ ਉਸਦਾ ਮੁਰਸ਼ਦ ਘਟ ਘਟ ਦੀ ਜਾਨਣਹਾਰਾ ਹੈ। ਉਹ ਉਸਦੀਆਂ ਸਾਰੀਆਂ ਗੱਲਾਂ-ਭੇਦਾਂ, ਦੁੱਖਾਂ-ਸੁੱਖਾਂ, ਕਸ਼ਟ-ਕਲੇਸ਼ਾਂ, ਵਿਆਧੀਆਂ ਤੇ ਮਨੋ-ਕਮਨਾਵਾਂ ਆਦਿ ਨੂੰ ਬਖੂਬੀ ਜਾਣਦਾ ਹੈ-ਕੇਵਲ ਜਾਣਦਾ ਹੀ ਨਹੀਂ, ਸਗੋਂ ਇਸ ਸਮ੍ਰਥ ਵੀ ਹੈ ਕਿ ਉਸਨੂੰ ਦੁੱਖਾਂ, ਕਸ਼ਟਕਲੇਸ਼ਾਂ, ਸਾੜੇ-ਬਾਲੇ ਤੇ



Sri Satguru Jagjit Singh Ji Elibrary NamdhariElibrary@gmail.com

ਮੋਹ-ਮਮਤਾ ਦੀਆਂ ਲਹਿਰਾਂ ਨਾਲ ਠਾਠਾਂ ਮਾਰਦੇ ਇਸ ਭਵ-ਸਾਗਰ ਚੋਂ ਉਬਾਰ ਸਕੇ। ਉਸ ਨੂੰ ਪੂਰਾ ਵਿਸ਼ਵਾਸ ਹੈ ਕਿ ਉਸਦੇ ਸਤਿਗੁਰੂ ਉਸ ਉਪਰ ਆਪਣੀ ਮਿਹਰ ਭਰੀ ਕਿਰਪਾ-ਦ੍ਰਿਸ਼ਟੀ ਸੁਟ ਕੇ, ਉਸਦੀ ਬਾਂਹ ਪਕੜ ਕੇ ਉਸਨੂੰ ਇਸ ਜਨਮ-ਮਰਨ ਦੇ ਚਕਰ ਚੋਂ ਮੁਕਤੀ ਦਿਵਾ ਕੇ ਨਿਜਧਾਮ ਵਿਚ ਪਨਾਹ ਦੇਣਗੇ।

ਦਰਅਸਲ ਇਕ 'ਸੱਚੇ' ਸਿੱਖ ਦੀ ਆਪਣੇ 'ਪੂਰਨ-ਸਤਿਗੁਰੂ' ਪ੍ਰਤੀ ਅਜੇਹੀ ਆਸਥਾ ਹੀ ਉਸ ਨੂੰ ਡੋਲਣ ਤੋਂ ਬਚਾਈ ਰਖਦੀ ਹੈ। ਆਸਥਾ ਭਗਤੀ ਦੀ ਜਣਨੀ ਹੈ ਤੇ ਆਸਥਾ ਬਗੈਰ ਫਲ-ਫੁਲ ਤਾਂ ਕੀ ਵਿਗਸਣੇ, ਭਗਤੀ ਦਾ ਅੰਕੁਰ ਵੀ ਨਹੀਂ ਫੁਟ ਸਕਦਾ। ਆਸਥਾ ਨਾਲ ਹੀ ਉਹ ਕਿਰਪਾ-ਪਾਤਰ ਬਣ ਸਕਦਾ ਹੈ ਅਤੇ ਕਿਰਪਾ ਹੀ ਉਸ ਨੂੰ ਮੁਕਤੀ ਪਰਦਾਨ ਕਰਵਾ ਸਕਦੀ ਹੈ। ਮੁਕਤੀ ਮਰਨ ਉਪਰੰਤ ਨਹੀਂ, ਸਗੋਂ ਜੀਵਣ-ਮੁਕਤੀ। ਤੇ ਜੀਵਣ-ਮੁਕਤੀ ਕੀ ਹੈ? ਸਾਰੇ ਦੁਨਿਆਵੀ ਕਾਰ-ਵਿਹਾਰ ਕਰਦਿਆਂ ਵੀ ਦੁੱਖਾਂ ਸੁੱਖਾਂ ਤੋਂ ਉਚੇਰਾ ਉਠ ਜਾਣਾ। ਤ੍ਰੈ-ਗੁਣੀ ਮਾਇਆ ਨੂੰ ਆਪਣੇ ਸੰਸਕਾਰਾਂ ਦਾ ਹਿੱਸਾ ਨਾ ਬਣਨ ਦੇਣਾ। ਮਲੀਨ ਸੰਸਕਾਰਾਂ ਨੂੰ ਆਪਣੇ ਜੀਵ-ਆਤਮਾ ਦਾ ਆਵਰਨ ਨਾ ਬਣਨ ਦੇਣਾ। ਸਾਰੀ ਰਚਨਾ ਮਾਤਰ ਇੱਕ ਦ੍ਰਸ਼ਟਾ ਵਤ ਵੇਖਣਾ। ਤਮਾਸ਼ਾ ਵੇਖਣਾ ਪਰ ਤਮਾਸ਼ੇ ਦਾ ਹਿੱਸਾ ਨਾ ਬਣਨਾ। ਨਿਰਲੇਪ ਰਹਿ ਕੇ ਚਿੱਕੜ ਵਿੱਚ ਉੱਗੇ ਕਮਲ ਵਾਂਗ-ਸੁਗੰਧੀਆਂ ਭਰਿਆ ਜੀਵਣ ਜਿਊਣਾ-ਲਿਬੜਨਾ ਨਹੀਂ-ਲਿਪਤ ਨਹੀਂ ਹੋਣਾ ਅਤੇ ਅਜੇਹਾ ਪੂਰਨ ਸੰਤ ਸਤਿਗੁਰੂ ਦੀ ਕਿਰਪਾ-ਦ੍ਰਿਸ਼ਟੀ ਨਾਲ ਹੀ ਸੰਭਵ ਹੈ। ਵਰਨਾ ਸਾਧਕ ਤਾਂ ਗੁਰੂ ਕਿਰਪਾ ਬਿਨਾ ਮੋਹ-ਮਾਇਆ ਦੀ ਇਸ ਨੀਵੀਂ ਖੱਡ ਚੋਂ ਬਾਹਰ ਨਹੀਂ ਨਿਕਲ ਸਕਦਾ। ਗੁਰੂ ਕਿਰਪਾ ਬਗੈਰ ਸਾਧਨਾ ਉਹ ਉਚੇਰੀ ਖਜੂਰ ਹੈ ਜਿਸ ਉਤੇ ਚੜ੍ਹਨਾ ਸੰਭਵ ਨਹੀਂ ਜੇ ਕੁਝ ਜਤਨਾਂ ਕਾਰਨ ਕੁਝ ਉਚਾਈ ਨੂੰ ਅਬੂਰ ਕਰ ਵੀ ਲਵੇ ਤਾਂ ਹੰਕਾਰ ਦੀ ਗੱਸੀ ਦੀ ਖਿੱਚ ਸਦਕਾ ਥੱਲੇ ਡਿੱਗ ਕੇ ਚਕਨਾ ਚੂਰ ਹੋ ਸਕਦਾ ਹੈ।

ਉਪਰੋਕਤ ਤੱਥਾਂ ਨੂੰ ਸਾਹਮਣੇ ਰਖਿਆਂ ਮਾਸਟਰ ਅਮ੍ਰਿਕ ਸਿੰਘ ਇਕ ਸਿਦਕੀ ਸਿਖ ਦੀ ਮਰਿਯਾਦਾ ਨੂੰ ਨਿਭਾਉਂਦਾ ਪ੍ਰਤੀਤ ਹੁੰਦਾ ਹੈ। ਉਹ ਗੁਰੂ-ਦਰਸ਼ਨਾਂ ਨੂੰ ਲੋਚਦਾ ਰਹਿੰਦਾ ਹੈ-ਤੇ ਜਦੋਂ ਦਰਸ਼ਨ ਹੋ ਜਾਂਦੇ ਹਨ ਤਾਂ ਗੁਣ ਗੁਣਾਉਣ ਲਗ ਪੈਂਦਾ ਹੈ-

*'ਦੀਦ ਸਜਣ ਦੀ ਹਜ ਬਰੋਬਰ ਤਰਿਆ ਜਿਸਨੇ ਦਰਸ਼ਨ ਪਾਇਆ।'*

*'ਦਰ ਤੇਰੇ ਜਿਹਾ ਹੋਰ ਨਾ ਕੋਈ, ਹੋਰ ਕੋਈ ਦਰ ਕਿਉਂ ਖੜਕਾਵਾਂ।'*

ਉਸਦੇ ਕਲਾਮ ਵਿੱਚੋਂ ਕਿਤੇ ਸੁਲਤਾਨ ਬਾਹੂ ਅਤੇ ਗੁਲਾਮ ਫਰੀਦ ਦੀ ਮਿਲੀ ਜੁਲੀ ਹੇਕ ਉਭਰਦੀ ਹੈ-

*'ਸੱਜਣ ਸਾਡਾ ਸੁਦ ਸੋਹੰਦਾ, ਸਿਫਤਾਂ ਕਰ ਕਰ ਹਾਰੀ-ਮੈਂ ਵੀਚਾਰੀ।'*

ਤਾਂ ਕਿਤੇ ਆਪਣੇ ਆਪ ਨੂੰ ਉਹ ਬੁੱਲ੍ਹੇ ਸ਼ਾਹ ਦੇ ਜਾਮੇ ਵਿਚ ਤੇ ਆਪਣੇ ਗੁਰੂ ਨੂੰ ਅਨਾਇਤ ਉੱਲਾ ਦੇ ਰੂਪ ਵਿਚ ਨਿਹਾਰਦਾ ਹੈ। ਤੇ ਸਭ ਸੰਗਾਂ ਸ਼ਰਮਾਂ ਲਾਹ ਕੇ ਆਪਣੇ ਮੁਰਸ਼ਦ ਸਾਹਵੇਂ ਨਚਣਾਂ ਲੋਚਦਾ ਹੈ-

*'ਮੈਂ ਹਾਂ ਬੁੱਲ੍ਹਾ ਸਦਾ ਭੁੱਲਾ ਤੂੰ ਸ਼ਾਹ ਅਨਾਇਤ ਉੱਲਾ।*

*ਮੈਨੂੰ ਨੱਚਣ ਦਿਓ ਅਜ ਕਰ ਕੇ ਥੱਈਆ ਥੱਈਆ।'*

ਗੁਰੂ-ਛੋਹ ਸਦਕਾ ਉਹ ਆਪਣੇ ਆਪ ਨੂੰ ਲੋਹੇ ਤੋਂ ਪਾਰਸ ਬਣ ਗਿਆ ਮੰਨਦਾ ਹੈ-ਖਰਾ ਖਰਾ, ਖੋਟ ਰਹਿਤ। ਗੁਰਬਾਣੀ ਵਿਚ ਗੁਰੂ ਦਾ ਰੁਤਬਾ 'ਮਾਣਸ ਤੋਂ ਦੇਵਤੇ' ਕਰਨ ਵਾਲਾ ਅਤੇ



Sri Satguru Jagjit Singh Ji Elibrary NamdhariElibrary@gmail.com

ਲੋਹੇ ਤੋਂ ਸੋਨਾ ਬਣਾਉਣ ਵਾਲਾ ਦਸਿਆ ਗਿਆ ਹੈ। ਬਕੌਲ ਮਾ. ਅਮ੍ਰੀਕ ਸਿੰਘ-

*'ਸੰਗ ਪਾਰਸ ਦੇ ਛੋਹਿਆ-ਮਾਨੋ ਪਾਰਸ ਹੋਇਆ।*
*ਬਾਹਰੋਂ ਅੰਦਰੋਂ ਮੈਂ ਸੋਹਿਆ-ਕਿਤੇ ਖੋਟ ਨਾ ਰਹੀ।'*

ਏਥੇ ਪਹੁੰਚ ਕੇ ਉਹ ਸਖਾ-ਪ੍ਰੇਮ ਵਿਚ ਪ੍ਰਵੇਸ਼ ਕਰਦਾ ਪ੍ਰਤੀਤ ਹੁੰਦਾ ਹੈ। ਜਿਥੇ ਪ੍ਰੀਤਮ ਤੇ ਪ੍ਰੇਮੀ ਵਿਚਲੀ ਤੇਰ ਮੇਰ ਨਹੀਂ ਰਹਿੰਦੀ। 'ਤੁਸੀਂ' ਤੇ 'ਆਪ' ਦੇ ਸੰਬੋਧਨ ਦੇ ਥਾਵੇਂ ਉਹ 'ਤੂੰ' ਅਤੇ 'ਤੇਰਾ' ਤੀਕ ਜਾ ਪੁਜਦਾ ਹੈ। ਇਹ ਅਵਸਥਾ ਆਪਣੇ ਆਪ ਵਿਚ ਇਕ ਪ੍ਰਾਪਤੀ ਹੈ- ਭਾਵੇਂ ਛਿਨ ਪਲ ਦੀ ਹੀ ਸਹੀ-

*'ਤੇਰੇ ਪਿਆਰ ਦਾ ਮੋਅਜਜ਼ਾ ਹੈ ਇਹ ਸਾਰਾ,*
*ਛੋਹ ਤੇਰੀ ਸਭ ਖੋਟ ਅਸਾਂ ਦੇ ਦੂਰ ਕਰੇ।'*
*'ਕੌਣ ਕਹਿੰਦਾ ਹੈ ਤੂੰ ਮੈਥੋਂ ਕੁਝ ਦੂਰ ਹੈਂ।'*
*'ਤੂੰ ਹੈ ਅਜ ਚਾਨਣ ਦੀ ਚੱਕੀ ਝੋ ਗਇਆ।'*
*'ਧੰਨਵਾਦ ਤੇਰਾ ਮੇਰੇ ਜੀਵਣ ਵਿਚ ਤੂੰ ਮਸਤੀ ਦਾ ਰੰਗ ਭਰਿਆ ਏ।'*
*'ਤੇਰਾ ਪਿਆਰ ਐਸਾ ਮਿਲਿਆ, ਕੰਵਲ ਹੈ ਦਿਲ ਦਾ ਖਿਲਿਆ।'*
*'ਇਕ ਤੇਰਾ ਦੀਦਾਰ ਕਾਇਆ ਪਲਟ ਦੇ ਇਨਸਾਨ ਦੀ।'*
*'ਇਕ ਤੇਰੀ ਮੁਸਕਾਨ ਲੱਖਾਂ ਹੋਣੀਆਂ ਨੂੰ ਟਾਲ ਦੇ।'*

ਪ੍ਰੀਤਮ ਪ੍ਰਤੀ ਪ੍ਰੇਮੀ ਦਾ ਇਹ ਲਗਾਓ ਨਿਸਚਿਤ ਹੀ ਬੜਾ ਸੁਖਦਾਈ ਅਤੇ ਵਿਸਮਾਦੀ ਹੈ। ਪਰ ਕੁਝ ਸਮੇਂ ਉਪਰੰਤ ਪ੍ਰੇਮੀ ਨੂੰ ਪ੍ਰੀਤਮ ਦੀ ਵਡਿਆਈ ਦਾ ਅਹਿਸਾਸ ਹੋ ਜਾਂਦਾ ਹੈ। ਜਦੋਂ ਉਸ ਨੂੰ ਸਚ-ਬੋਧ ਹੁੰਦਾ ਹੈ ਤਾਂ ਉਸ ਸਨਮੁਖ ਪਰਬਤ ਅਤੇ ਰਾਈ ਦਾ ਫਰਕ ਆ ਪਰਤੱਖ ਹੁੰਦਾ ਹੈ। ਉਸਨੂੰ ਆਪਣੀ ਅਤੇ ਆਪਣੇ ਪ੍ਰੀਤਮ, ਆਪਣੇ ਇਸ਼ਟ, ਆਪਣੇ ਸਤਿਗੁਰੂ ਦੀ ਅਧਿਆਤਮਿਕ ਉੱਚਤਾ ਦਾ ਫਰਕ ਸੁਭਾਵਕ ਹੀ ਦਿਸਣ ਲਗਦਾ ਹੈ। ਤੇ ਉਹ ਕਹਿ ਉਠਦਾ ਹੈ-

*'ਮੈਂ ਆਪਣੀ ਘਾਲ ਵੇਖਾਂ, ਜਾਂ ਤੇਰੇ ਅਹਿਸਾਨ ਪੜਚੋਲਾਂ।*
*ਇਹ ਰਾਈ ਨੇ, ਉਹ ਪਰਬਤ ਹੈ, ਮੈਂ ਤਕ ਸ਼ਰਮਾਂ 'ਚ ਖੋਇਆ ਹਾਂ।'*

*'ਮੈਂ ਪਾਗਲ ਹਾਂ ਜੋ ਉਸਦੇ ਨਾਲ ਤੁਲਣਾ ਆਪਣੀ ਕਰਦਾ ਹਾਂ।*
*ਉਹ ਸਾਗਰ ਹੈ ਅਥਾਹ ਅਮਰੀਕ ਬਿਨ ਪਾਣੀ ਦੇ ਟੋਇਆ ਹਾਂ।'*

ਮਨੁਖ ਜਦੋਂ ਆਪਣੇ ਆਪ ਨੂੰ ਜੀਵ-ਆਤਮਾ ਅਤੇ ਆਪਣੇ ਇਸ਼ਟ ਨੂੰ ਪ੍ਰਮਾਤਮਾ ਦੇ ਰੂਪ ਵਿਚ ਸਥਾਪਤ ਕਰ ਲੈਂਦਾ ਹੈ-ਤਾਂ ਇਸ਼ਟ ਦੇ ਸਨਮੁਖ ਆਣ ਉਪਰੰਤ ਉਸਦੀ ਸੋਚ ਦਾ ਸਤਰ ਬਦਲ ਜਾਂਦਾ ਹੈ। ਉਸ ਨੂੰ ਵਿਸ਼ਵਾਸ ਹੁੰਦਾ ਹੈ ਕਿ ਉਸ ਦੇ ਇਸ਼ਟ ਦੀ ਨਜ਼ਰ ਉਸਦੇ ਮਨ ਦੀਆਂ ਗਹਿਰਾਈਆਂ ਛੋਹ ਗਈ ਹੈ। ਅਤੇ ਉਸਦੇ ਆਮਾਲਨਾਮੇ ਦਾ ਸਾਰਾ ਪੋਥਾ ਪੜ੍ਹਿਆ ਜਾ ਚੁਕਿਆ ਹੈ। ਉਸਨੂੰ ਆਪਣੇ ਐਬਾਂ ਦੇ ਅਭਾਸ ਅਧੀਨ ਭੈਅ ਤਾਂ ਹੈ-ਪਰ ਇਹ ਭੈਅ ਦਾਨਵੀ ਨਹੀਂ-ਦੈਵੀ ਹੈ-ਕਿ ਕਿਤੇ ਮੇਰਾ ਪ੍ਰੀਤਮ ਮੇਰੇ ਐਬਾਂ ਕਰਕੇ ਨਰਾਜ਼ ਨਾ ਹੋ ਜਾਵੇ-ਮੂੰਹ ਨਾ ਫੇਰ ਲਵੇ। ਇਹ ਨਹੀ ਕਿ ਉਸਨੂੰ ਮਾਰ ਕੁਟ ਦਾ ਭੈਅ ਹੈ। ਇਹ ਉਹ ਅਹਿਸਾਸ ਹੈ ਜਿਹੜਾ ਸਿੱਖਾਂ-ਸੇਵਕਾਂ ਨੂੰ ਆਪਣੇ ਸਤਿਗੁਰੂ ਨੂੰ 'ਬਖਸ਼ਣਹਾਰ' ਕਹਿਣ ਲਈ ਸਹਾਈ ਹੈ। ਤੇ ਫੇਰ ਜੇਕਰ ਉਸ



Sri Satguru Jagjit Singh Ji Elibrary NamdhariElibrary@gmail.com

ਨੂੰ ਸੰਤ-ਸਤਿਗੁਰੂ ਦੀ ਪ੍ਰੇਮ-ਭਰੀ ਛੋਹ ਪ੍ਰਾਪਤ ਹੋ ਜਾਵੇ ਤਾਂ ਉਹ ਆਤਮ-ਗਿਲਾਨੀ ਤੋਂ ਮੁਕਤ ਹੋ ਕੇ ਧੰਨ ਧੰਨ ਕਹਿ ਉਠਦਾ ਹੈ।

*ਮੈਂ ਕਰਕੇ ਯਾਦ ਕਰਤੂਤਾਂ ਕਸਮ ਹੈ ਬਹੁਤ ਰੋਇਆ ਹਾਂ।*
*ਜਦੋਂ ਉਸ ਲੈ ਲਿਆ ਬਾਹਾਂ 'ਚ ਠੰਡਾ ਸੀਤ ਹੋਇਆ ਹਾਂ।*
*ਮੇਰੇ ਕੋਝਾਂ ਦੀ ਉਸਨੇ ਬਸ ਕਦੇ ਪਰਵਾਹ ਨਹੀਂ ਕੀਤੀ,*
*ਜ਼ਰਾ ਮੇਰੀ ਤਰਫ ਦੇਖੋ, ਮੈਂ ਕਿਤਨਾ ਸਜਿਆ ਸੋਹਿਆ ਹਾਂ।*

ਅਜ ਜਦ ਕਿ ਸਾਡੇ ਸਥਾਪਤ ਸਾਂਸਕ੍ਰਿਤਕ ਮੁੱਲਾਂ ਨੂੰ ਖੇਰੂੰ ਖੇਰੂੰ ਕਰਨ ਲਈ ਹਰ ਪਾਸਿਓਂ, ਹਰ ਪ੍ਰਕਾਰ ਦੇ ਹਮਲੇ ਹੋ ਰਹੇ ਹਨ। ਪੁਰਾਣੀਆਂ ਕਦਰਾਂ ਕੀਮਤਾਂ ਨੂੰ ਤਹਿਸ ਨਹਿਸ ਕਰਕੇ ਇਕ ਵਿਗੜਿਆ ਰੂਪ ਪ੍ਰਸਤੁਤ ਕਰਨ ਦੇ ਜਤਨ ਜਾਰੀ ਹਨ। ਪਦਾਰਥਵਾਦ ਦਾ ਬੋਲ-ਬਾਲਾ ਹੈ। ਸਬਰ ਸੰਤੋਖ ਦਾ ਕਿਤੇ ਨਾਉਂ ਨਹੀਂ। ਹਰ ਪਾਸੇ ਬਸ ਹਾਏ-ਹਾਏ ਦੀ ਨਠ ਭਜ ਲਗੀ ਹੈ। ਤਾਂ ਮਾਸਟਰ ਅਮ੍ਰੀਕ ਸਿੰਘ ਹੁਰੀਂ 'ਸਚੀ ਤੇਰੀ ਸਿਫਤਿ' ਦੇ ਗੀਤਾਂ ਦਾ ਢੋਆ ਲੈ ਕੇ ਆ ਹਾਜ਼ਰ ਹੋਏ ਹਨ-ਜੋ ਕਿ ਸਵਾਗਤ ਯੋਗ ਹੈ।

ਇਹਨਾਂ ਰਚਨਾਵਾਂ ਦਾ ਕਲਾ ਪਖ ਵੀ ਸਲਾਹੁਣ ਯੋਗ ਹੈ। ਭਾਸ਼ਾ ਬੜੀ ਕੋਮਲ ਅਤੇ ਅਲੰਕ੍ਰਿਤ ਹੈ। ਕਿਤੇ ਕਿਤੇ ਸਹਾਇਕੀ ਦਾ ਪਰਯੋਗ ਚੰਗਾ ਪ੍ਰਭਾਵ ਛਡਦਾ ਹੈ। ਛੰਦ ਵਿਧਾਨ ਵਿਚ ਵੀ ਵਿਵਧਤਾ ਹੈ। ਕੁਝ ਗੀਤ ਲੰਮੇਰੇ ਹੋਣ ਦੇ ਬਾਵਜੂਦ ਉਕਤਾਹਟ ਨਹੀ ਪੈਦਾ ਕਰਦੇ। ਥਾਂ ਥਾਂ ਖਿੰਡੇ ਸੂਫੀਆਨਾ ਰੰਗਤ ਦੇ ਛਿੱਟੇ ਇਸ ਸੰਕਲਨ ਨੂੰ ਸਾਹਿਤਕ ਦ੍ਰਿੜ੍ਹਤਾ ਪ੍ਰਦਾਨ ਕਰਨਗੇ-ਅਜੇਹਾ ਮੈਨੂੰ ਵਿਸ਼ਵਾਸ ਹੈ।

*ਡਾ. ਜੀ. ਡੀ. ਚੌਧਰੀ*
*ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ)*
*ਜਨਰਲ ਸਕੱਤਰ, ਹਰਿਆਣਾ ਪ੍ਰਾਂਤ ਪੰਜਾਬੀ ਸਾਹਿਤ ਸੰਮੇਲਨ।*
*ਪ੍ਰਧਾਨ ਪੰਜਾਬੀ ਸਾਹਿਤ ਸਭਾ ਜਿਲਾ ਸਿਰਸਾ*
*ਰੋੜੀ ਗੇਟ ਸਿਰਸਾ*
*ਮਿਤੀ 23-11-95*



Sri Satguru Jagjit Singh Ji Elibrary NamdhariElibrary@gmail.com

# ਤਤਕਰਾ


ਨਹੀਂ ਰੀਸਾਂ 15
ਸਵਰਗਾਂ ਜਿਹੇ 16
ਕਿਵੇਂ ਜੀ ਸਕਾਂਗਾ 19
ਰਾਸ ਮੁੱਕ ਜਾਏਗੀ 20
ਰੁਬਾਈਆਂ ਸ਼ਰਧਾ ਭਰੀਆਂ ... 21
ਇਹਨਾਂ ਚਰਨਾਂ ਤੋਂ ਦੂਰ ਨ ਹਟਾਓ... 22
ਯਾਦ ਉਹ ਆਇਆ 23
ਤੇਰਾ ਬੰਦਾ ਹਾਂ 24
ਬਲ ਬਲ ਜਾਵਾਂ ... 25
ਚਾਹੇ ਜੀਵਨ ਜੋ 26
ਮਿਹਰ ਮੇਰੇ ਤੇ ਕਰਦੇ ਓ 27
ਤੇਰਾ ਮੁਸਕਰਾਣਾ 28
ਹਰ ਹਿਰਦੇ ਨੂੰ 29
ਰਖ ਚਰਨਾਂ ਦੇ ਕੋਲ 30
ਉੱਚੀ ਸ਼ਾਨ 31
ਆਓ ਲੋਕੋ ਆਓ 32
ਸੱਜਣ ਸਾਡਾ 33
ਸਭ ਜੱਗ ਮੇਰਾ ਹੋਇ 34
ਪਿਆਰ ਦਿਓ 35
ਸਰਸ਼ਾਰ ਹੋਇਆਂ 36
ਰੋਕੋ ਨਾ 37
ਕਮਲਾ ਕਮਲ ਕਹਿੰਦੇ ਓ ... 38
ਹਮੇਸ਼ਾ ਰਹਿਣ ਦਿਓ 39
ਇਕ ਅਰਜ਼ ਮੇਰੀ 40
ਕੀਹ ਮਾਣ ਦਿਆਂ ... 41
ਅਸਲ ਨਿਸ਼ਾਨਾ ਹੋ ... 42
ਮੇਰੇ ਸਾਹਿਬਾ ... 43
ਆਇਆ ਦੂਰ ਤੋਂ ਬੜੀ
44
ਪਾਇਆ ਜਾਂ ਦੀਦਾਰ
45
ਮਨ ਮਖ਼ਮੂਰ ਹੋ ਗਇਆ
46
ਸੌ ਵਾਰ ਕੁਰਬਾਨ ਹਾਂ
47
ਮੇਰੇ ਦਿਲ ਦੀ ਕਹਾਣੀ ... 48
ਤੇਰਾ ਹੋ ਗਇਆ ... 49
ਦਿਲ ਦੀਵਾਨਾ ਹੋ ਗਇਆ ... 50
ਮੇਰੇ ਕ੍ਰਿਸ਼ਨ ਘਨਈਆ ... 51
ਕੋਈ ਥੋੜ ਨਾ ਰਹੀ। ... 52
ਕਸਮ ਹੈ ਬਹੁਤ ਰੋਇਆ ਹਾਂ ... 53
ਧੰਨਵਾਦ ਤੇਰਾ ... 54
ਕਾਇਆ ਪਲਟ ਗਈ ਏ ... 55
ਗੁਰਚਰਨੀ ਚਿੱਤ ਲਾਈਏ ... 56
ਆਓ ਅਜ ਓਥੇ ਚੱਲੀਏ ... 57
ਨਜ਼ਰ ਮਿਲਾਈ ਨਾ ... 58
ਕਿਤੇ ਵੀ ਪਤੀਜਦਾ ਨਹੀਂ ... 59
ਮਨ ਮੰਦਰ ਵਿਚ ਆਓ ... 60
ਅੰਤਰ ਹਿਰਦੇ ਆਵੇ ਜੀ ... 61
ਅਜੇ ਮੇਰਾ ਮਨ ਭਰਿਆ ਨਾ ... 62
ਮੈਂ ਹਾਂ ਨਾਮਧਾਰੀ ... 63
ਤੇਰੀ ਤਸਵੀਰ ... 66
ਇਕ ਤੇਰਾ ਦੀਦਾਰ ... 67
ਜ਼ਿੰਦਗੀ ਦੀ ਗੱਲ ... 68


Sri Satguru Jagjit Singh Ji Elibrary NamdhariElibrary@gmail.com

ਚਰਨਾਂ 'ਚ ਵਿਛ ਲੈਣ ਦੇ ... 69
ਦੂਰ ਨਾ ਹੋਵਾਂ ਕਦੇ ... 70
ਜੋ ਦੇਂਦਾ ਏ ਜੀਵਨ ਦਾਨ ... 71
ਯਾਦ ਅਸਾਨੂੰ ਆਏ ਹੋ ... 73
ਨਜ਼ਰ ਮੇਹਰ ਦੀ ਕਰੋ ... 74
ਰੁਬਾਈਆਂ ... 75
ਕੀ ਕਰਾਂ ਸਾਹਿਬਾ ... 76
ਹਥ ਤੇਰੇ ਡੋਰ ... 77
ਨਜ਼ਰ ਮਿਲਾਈ ਨਾ ... 78
ਅਲਖ ਮੈਂ ਜਗਾਵਾਂਗਾ ... 79
ਭੁੱਲ ਸਕਣਾਂ ਨਹੀਂ ... 80
ਆਇਆ ਇਕ ਦਰ ਤੇ ਸਵਾਲੀ ਏ... 81
ਤੁਸੀਂ ਮਿਲੇ ... 82
ਬੂਹੇ ਤੇ ਝੁਕ ਜਾਈਏ ... 84
ਅਜ ਅਚਾਨਕ ... 85
ਤੁਰ ਗਏ ਹੋ ... 86
ਜੀਵਨ ਦਾਨ ਦਿਓ ... 87
ਕਰ ਮਿਹਰ ਨਜ਼ਰ ... 88
ਤੇਰੀ ਦੀਦ ਪਾ ਕੇ ... 89
ਰਾਹਾਂ ਤੋਂ ਬਲ ਬਲ ਜਾਵਾਂ ... 90
ਸੀਨਾ ਠਾਰ ਗਏ ਓ ... 91
ਦਰਬਾਨ ਬਨ ਰਹਾਂ ... 92
ਮੁਕਤ ਕਰੌਂਦੇ ਓ ... 93
ਨਾ ਲੰਘ ਜਾਇਆ ਕਰੋ ... 94
ਸਭ ਦਾ ਮਾਨ ਰਖੌਂਦੇ ਓ ... 95
ਕਿਹੜੀ ਗਲੋਂ ... 96
ਤੁਸਾਂ ਲਤ ਲਾ ਲੀਤਾ ਏ ... 97
ਹੋ ਤੁਸੀ ਰਾਜ਼ ਦਾਂ ... 98
ਤੁਸੀ ਜੋ ਤੱਕਦੇ ਓ ...100
ਅਲਖ ਜਗਾਵਾਂਗਾ ...101
ਪਿਆਰ ਤੇਰਾ ...102
ਮਾਨ ਦਿਓ ...104
ਹੈ ਨਸੀਬ ਮੇਰਾ ...105
ਬਿਨਾਂ ਆਪ ਦੇ ...106
ਛੋਹ ਆਪ ਦੀ ਪਾਈ ...107
ਚਰਨ ਛੁਹਾਏ ਜੇ ...109
ਦੁਖ ਦੱਸਦੇ ਨੇ ...110
ਅਪਣੀ ਓਟ ਦਿਓ ...111
ਝਲਕ ਦੀਦਾਰ ਦੀ ...112
ਯਾਦ ਅਸਨੂੰ ਆਏ ਹੋ ...113
ਜ਼ਰਾ ਮੁਸਕਰਾਓ ...114
ਦਿਲ ਦੀ ਗੱਲ ਕਹਿਣੀ ਏ ...116
ਹਰ ਪੱਖ ਮੇਰਾ ਰੁਸ਼ਨਾਓ ...117
ਕੌਣ ਕਰੇ ਦਿਲ ਜੋਈ ...119
ਮਨ ਦੀ ਮੈਲ ਉਤਾਰੇ ...120
ਜਗਦੀ ਰਹਿਣ ਦਿਓ ...121
ਬਹੁਤ ਪਿਆਰਾ ਮੇਰਾ ਮੀਤ ...122
ਭੁੱਲਣਾ ਫਿਤਰਤ ...123
ਜ਼ਿੰਦਗੀ ਦੀ ਰਾਸ ...124
ਭੇਤ ਦਿਲਾਂ ਦੇ ਜਾਣਦੇ ਹੋ ...125
ਹੋਏ ਹਾਂ ...127
ਤੇਰੇ ਦਰ ਤੇ ਰੁਲਿਆਂ ...128
ਗੁਰ ਜਗਜੀਤ ਬਿਨਾਂ ਸੁਖ ਨਾਹੀ ...130
ਹਥ ਤੇਰੇ ਡੋਰ ...132
ਸਬਰ ਅਜ਼ਮਾਓ ਨਾ ...133
ਸੱਜਣ ਦੀ ਸਿਫ਼ਤ ...134
ਹਾਲ ਬੇਹਾਲ ਹੋਇਆ ...135
ਸਿਫ਼ਤ ਸੱਜਣ ਦੀ ...136





Sri Satguru Jagjit Singh Ji Elibrary NamdhariElibrary@gmail.com

# ਨਹੀਂ ਰੀਸਾਂ

ਨਹੀਂ ਰੀਸਾਂ ਗੁਰ ਜਗਜੀਤ ਦੀਆਂ
ਸਭਨਾਂ ਦੇ ਮਨ ਦੇ ਮੀਤ ਦੀਆਂ।

ਸਾਨੂੰ ਲਗਦਾ ਬਹੁਤ ਪਿਆਰਾ ਏ,
ਜਿਵੇਂ ਪਿਆਰ ਦੀ ਵਗਦੀ ਧਾਰਾ ਏ,
ਦੁਖੀਆਂ ਦੇ ਦਿਲ ਦਾ ਸਹਾਰਾ ਏ,
ਕੀਹ ਸਿਫਤਾਂ ਪਤਿਤ ਪੁਨੀਤ ਦੀਆਂ।

ਜਿਸ ਨੂੰ ਵੀ ਚਰਨ ਛੁਹਾਂਦਾ ਏ
ਉਹ ਪਾਰਸ ਹੀ ਬਣ ਜਾਂਦਾ ਏ,
ਫ਼ਰਸ਼ਾਂ ਤੋਂ ਅਰਸ਼ ਪੁਚਾਂਦਾ ਏ,
ਉਚ ਸਿਖਰਾਂ ਉਸ ਦੀ ਪ੍ਰੀਤ ਦੀਆਂ।

ਜਿਸ ਵੱਲ ਉਹ ਮਿਹਰ ਦੀ ਨਜ਼ਰ ਕਰੇ
ਹੋ ਜਾਵਨ ਸੁੱਕੇ ਬੂਟ ਹਰੇ,
ਇਕ ਪਲ ਵਿਚ ਦੁਖੜੇ ਜਾਣ ਹਰੇ,
ਸੁੱਖਾਂ ਵਿਚ ਉਮਰਾਂ ਬੀਤ ਦੀਆਂ।

ਧੰਨ ਭਾਗ ਉਹ ਸਾਡਾ ਬਣਿਆ ਏ,
ਜਿਸ ਪਿਆਰ ਦਾ ਤਾਣਾਂ ਤਣਿਆ ਏ,
ਉਹਦਾ ਫ਼ੈਜ਼ ਨਾ ਜਾਂਦਾ ਗਣਿਆ ਏ,
ਸੁਣ ਸਤਰਾਂ ਸ਼ਰਧਾ ਗੀਤ ਦੀਆਂ।

ਉਹਦੀ ਸਭ ਤੋਂ ਸ਼ਾਨ ਨਿਰਾਲੀ ਏ,
ਪਈ ਸੰਗ ਸੁਭਾਗ ਖਿਆਲੀ ਏ,
ਭਰ ਦੇਂਦਾ ਝੋਲਾਂ ਖ਼ਾਲੀ ਏ,
ਜੋ ਕਦੇ ਨ ਮੁੜ ਕੇ ਰੀਤ ਦੀਆਂ।

ਸੰਗਤ ਵਿਚ ਐਸਾ ਫੱਬਦਾ ਏ,
ਉਸ ਜਿਹਾ ਨਾ ਕੋਈ ਲੱਭਦਾ ਏ,
ਉਹ ਰੂਪ ਨਿਰਾ ਹੀ ਰੱਬ ਦਾ ਏ,
ਨਜ਼ਰਾਂ ਨੇ ਤਨ ਮਨ ਜੀਤ ਦੀਆਂ।



Sri Satguru Jagjit Singh Ji Elibrary NamdhariElibrary@gmail.com

# ਸ੍ਰੀ ਭੈਣੀ ਸਾਹਿਬ ਸਵਰਗਾਂ ਜਿਹਾ ਏ

ਜੇ ਧਰਤੀ ਤੇ ਹੀ ਸਵਰਗ ਮਾਨਣ ਦੀ ਚਾਹ ਏ
ਚਲੋ ਭੈਣੀ ਸਾਹਿਬ ਸਵਰਗਾਂ ਜਿਹਾ ਏ।

ਜ਼ਰਾ ਏਸ ਮਿੱਟੀ ਨੂੰ ਮੱਥੇ ਤੇ ਲਾਓ,
ਪਲਾਂ ਵਿਚ ਕਈ ਜਨਮਾਂ ਦੀ ਮੈਲ ਲਾਹੋ,
ਮੁਕਤ ਹੋਣ ਦੀ ਜੀਂਦੇ ਜੀ ਜੇ ਸਲਾਹ ਏ,
ਸ੍ਰੀ ਭੈਣੀ ਸਾਹਿਬ ਸਵਰਗਾਂ ਜਿਹਾ ਏ।

ਕਰਾਂ ਏਸ ਧਰਤੀ ਦੀ ਕੀ ਸਿਫ਼ਤ ਯਾਰੋ,
ਜ਼ਰਾ ਪਿਛਲੇ ਇਤਿਹਾਸ ਤੇ ਝਾਤ ਮਾਰੋ,
ਰਿਹਾ ਮਾਰ ਹਰ ਜ਼ੱਰਾ ਰਤਨਾਂ ਦੀ ਭਾਹ ਏ,
ਸ੍ਰੀ ਭੈਣੀ ਸਾਹਿਬ ਸਵਰਗਾਂ ਜਿਹਾ ਏ।

ਗੁਰਾਂ ਦੀ ਚਰਨ ਛੋਹ ਹੈ ਰੱਜ ਇਸ ਨੇ ਪਾਈ,
ਆਜ਼ਾਦੀ ਸ਼ਮਾਂ ਜਿੰਨ੍ਹਾਂ ਏਥੋਂ ਜਗਾਈ,
ਕਿਹਾ ਲੋਕਾਂ ਇਹ ਹੀ ਅਸਲ ਪਾਤਸ਼ਾਹ ਏ,
ਚਲੋ ਭੈਣੀ ਸਾਹਿਬ ਸਵਰਗਾਂ ਜਿਹਾ ਏ।

ਅਣਖ ਆਣ ਤੇ ਆਏ ਦਿਨ ਜਾਂ ਬੁਰੇ ਸਨ,
ਸਿਰਾਂ ਤੇ ਚਲਣ ਖੰਡੇ ਟੋਕੇ ਤੁਰੇ ਸਨ,
ਕਿਹਾ ਵਤਨ ਖਾਤਰ ਹੋ ਜਾਣਾ ਫਨਾਹ ਏ,
ਚਲੋ ਭੈਣੀ ਸਾਹਿਬ ਸਵਰਗਾਂ ਜਿਹਾ ਏ।

ਚੜ੍ਹੇ [illegible] [illegible] ਤੇ ਚੀਨੀ ਤਿਆਗੀ,
[illegible] [illegible] [illegible] [illegible] ਵੈਰਾਗੀ,
[illegible]
[illegible] ਏ।




Sri Satguru Jagjit Singh Ji Elibrary NamdhariElibrary@gmail.com

ਗੁਰੂ ਹਰੀ ਸਿੰਘ ਫੇਰ ਸਿੱਖੀ ਸੰਭਾਲੀ,
ਕਰੀ ਰਖਿਆ ਬਣ ਕੇ ਅਕਲਮੰਦ ਮਾਲੀ,
ਰਹੀ ਡੋਲ ਕਸ਼ਤੀ ਦਾ ਬਣਿਆ ਮਲਾਹ ਏ,
ਚਲੋ ਭੈਣੀ ਸਾਹਿਬ ਸਵਰਗਾਂ ਜਿਹਾ ਏ।

ਮਹਾਂ ਨੂਰ ਬਣ ਮਹਾ ਪਰਤਾਪੀ ਆਏ,
ਮਿਟੇ ਸਾਰੇ ਸੰਕਟ ਢਲੇ ਦੁਖ ਦੇ ਸਾਏ,
ਹਰ ਇਕ ਨੂੰ ਮਿਲੀ ਰੋਗ ਦੀ ਹਰ ਦਵਾ ਏ,
ਸ੍ਰੀ ਭੈਣੀ ਸਾਹਿਬ ਸਵਰਗਾਂ ਜਿਹਾ ਏ।

ਕਲਪ ਕੀਤੀ ਉਹਨਾਂ ਨੇ ਲੋਕਾਂ ਦੀ ਕਾਇਆ,
ਗਰੀਬੀ ਦਾ ਬੂਟਾ ਜੜ੍ਹੋਂ ਪੁਟ ਵਖਾਇਆ,
ਸੁਖਾਲਾ ਮਨੁਖਤਾ ਦਾ ਕਰ ਦਿਤਾ ਸਾਹ ਏ,
ਸ੍ਰੀ ਭੈਣੀ ਸਾਹਿਬ ਸਵਰਗਾਂ ਜਿਹਾ ਏ।

ਉਹ ਛਡ ਗਏ ਅਸਾਨੂੰ ਤਾਂ ਹੋਇਆ ਹਨੇਰਾ,
ਤੇ ਇਸ ਧਰਤ ਦਾ ਹੋਇਆ ਸੁੰਨਾ ਚੁਫੇਰਾ,
ਸੀ ਲਗਦਾ ਕਿ ਹੋ ਜਾਣਾਂ ਸਭ ਕੁਝ ਸੁਆਹ ਏ,
ਸ੍ਰੀ ਭੈਣੀ ਸਾਹਿਬ ਸਵਰਗਾਂ ਜਿਹਾ ਏ।

ਫੜੀ ਵਾਗ ਜਾਂ ਇਸਦੀ "ਜਗਜੀਤ" ਜੀ ਨੇ,
ਲਿਆ ਪੂੰਝ ਹੰਝੂਆਂ ਨੂੰ ਮਨ ਮੀਤ ਜੀ ਨੇ,
ਦਿਲਾਸਾ ਦੇ ਡਿੱਗਿਆਂ ਨੂੰ ਲੀਤਾ ਉਠਾ ਏ,
ਸ੍ਰੀ ਭੈਣੀ ਸਾਹਿਬ ਸਵਰਗਾਂ ਜਿਹਾ ਏ।

ਨਵਾਂ ਦੌਰ ਇਕ ਫੇਰ ਆਰੰਭ ਹੋਇਆ,
ਨਵੇਂ ਮਾਲਕਾਂ ਇਕ ਨਵਾਂ ਗੀਤ ਛੋਹਿਆ,
ਨਵਾਂ ਏਸ ਧਰਤੀ ਨੂੰ ਚੜ੍ਹਿਆ ਨਸ਼ਾ ਏ,
ਸ੍ਰੀ ਭੈਣੀ ਸਾਹਿਬ ਸਵਰਗਾਂ ਜਿਹਾ ਏ।

ਕਰੋ ਯਾਦ ਲੈ ਸਫ਼ ਜਾਂ ਟਿੱਬਿਆਂ ਤੇ ਸੌਣਾਂ,
ਮਸਾਂ ਨੂੰਣ ਖਾਤਰ ਹਲਟ ਨੂੰ ਘੁਮਾਉਣਾਂ,
ਇਹ ਕਿਸ ਨੇ ਬਨਾਂ ਦਿੱਤਾ ਸੁਖ ਸਿਲਸਲਾ ਏ,
ਸ੍ਰੀ ਭੈਣੀ ਸਾਹਿਬ ਸਵਰਗਾਂ ਜਿਹਾ ਏ।



Sri Satguru Jagjit Singh Ji Elibrary NamdhariElibrary@gmail.com

ਹਰੀ ਮੰਦਰਾਂ ਪਰਤਾਪ ਮੰਦਰਾਂ ਦੀ ਨਗਰੀ,
ਜਦੋਂ ਲਗੀਏ ਵੇਖਣ ਤਾਂ ਲਹਿ ਜਾਂਦੀ ਪਗਰੀ,
ਅਜੇ ਹੋਰ ਕੀਹ ਬਣਨੈ ਕਾਹਦਾ ਵਸਾਹ ਏ,
ਸ੍ਰੀ ਭੈਣੀ ਸਾਹਿਬ ਸਵਰਗਾਂ ਜਿਹਾ ਏ।

ਮਧੁਰ ਇਹ ਜੋ ਸੰਗੀਤ ਸੁਣਦੇ ਓ ਸਾਰੇ,
ਕਿਤੇ ਹੋਰ ਨ ਮਿਲਨ ਸਵਰਗੀ ਨਜ਼ਾਰੇ,
ਹੈ ਸੰਗੀਤ ਸਾਗਰ ਡੂੰਘਾਈ ਅਥਾਹ ਏ,
ਸ੍ਰੀ ਭੈਣੀ ਸਾਹਿਬ ਸਵਰਗਾਂ ਜਿਹਾ ਏ।

ਅਮਨ ਸ਼ਾਂਤੀ ਦੀ ਇਹ ਧਰਤੀ ਬਣੀ ਏ,
ਸਦੀਵੀ ਸੁਖਾਂ ਦੀ ਇਹ ਹੀ ਸੁਖਮਣੀ ਏ,
ਉਹ ਬਦਬਖਤ ਹੈ ਜੋ ਪਿਆ ਇਸ ਨ ਰਾਹੇ,
ਸ੍ਰੀ ਭੈਣੀ ਸਾਹਿਬ ਸਵਰਗਾਂ ਜਿਹਾ ਏ।

ਐ 'ਅਮਰੀਕ' ਏਥੇ ਜਦੋਂ ਵੀ ਮੈਂ ਆਵਾਂ,
ਮੈਂ ਚਾਹਾਂ ਕਿ ਵਾਪਸ ਕਦੇ ਵੀ ਨ ਜਾਵਾਂ,
ਨਿਕਲ ਜਾਏ ਦਮ ਏਥੇ ਦੱਸ ਕੀ ਕੁਲਾਹ ਏ,
ਸ੍ਰੀ ਭੈਣੀ ਸਾਹਿਬ ਸਵਰਗਾਂ ਜਿਹਾ ਏ।



Sri Satguru Jagjit Singh Ji Elibrary NamdhariElibrary@gmail.com

# ਕਿਵੇਂ ਜੀ ਸਕਾਂਗਾ

ਤੇਰੇ ਦਰਸ਼ਨਾਂ ਬਿਨ ਕਿਵੇਂ ਜੀ ਸਕਾਂ ਗਾ,
ਕਿ ਹਰ ਸਾਹੇ ਮਹੁਰਾ ਕਿਵੇਂ ਪੀ ਸਕਾਂ ਗਾ,

ਹੈ ਦੀਦਾਰ ਤੇਰਾ ਹੀ ਆਧਾਰ ਮੇਰਾ,
ਬਿਨਾਂ ਦੀਦ ਜੀਵਨ ਦਾ ਕੀਹ ਕਰ ਸਕਾਂਗਾ,

ਸਫ਼ਲ ਜਨਮ ਅਪਣਾਂ ਮੈਂ ਸਮਝਾਂਗਾ ਤਾਂਹੀ
ਤੇਰੀ ਨਜ਼ਰੇ ਪਰਵਾਨ ਜੇ ਥੀ ਸਕਾਂ ਗਾ।

ਰਹਾਂ ਸ਼ਰਨ ਤੇਰੀ ਹੈ ਚਿਰ ਦੀ ਤਮੰਨਾ
ਕਦੋਂ ਤਕ ਸ਼ਰਮ ਦੀ ਮਿਟਾ ਲੀਹ ਸਕਾਂਗਾ।

ਤੇਰੀ ਚਰਨ-ਧੂੜੀ ਬਣੇ ਮੇਰਾ ਆਪਾ,
ਮਹੀਨ ਇਸ ਨੂੰ ਕਿਤਨਾ ਕੁ ਮੈਂ ਪੀਹ ਸਕਾਂਗਾ।

ਜ਼ਮਾਨੇ ਦੀ ਕੈਂਚੀ ਕਤਰਿਆ ਏ ਤਨ ਮਨ
ਤੇਰੀ ਮਿਹਰ ਬਿਨ ਇਹ ਕਿਵੇਂ ਸੀ ਸਕਾਂਗਾ।



Sri Satguru Jagjit Singh Ji Elibrary NamdhariElibrary@gmail.com

# ਰਾਸ ਮੁੱਕ ਜਾਏਗੀ

ਮੇਰੇ ਸਾਹਾਂ ਦੀ ਸਭ ਰਾਸ ਮੁੱਕ ਜਾਏ ਗੀ,
ਪਰ ਨਾ ਯਾਦਾਂ ਦੀ ਬਰਸਾਤ ਰੁੱਕ ਪਾਏ ਗੀ।

ਸੌ ਸੌ ਵਰ੍ਹਿਆਂ ਦੇ ਲੋਂ ਚੜ੍ਹਣਗੇ ਜੁਗ ਤੇ,
ਤੇਰੀ ਸੂਰਤ ਕਦੀ ਪਰ ਨਾ ਲੁਕ ਪਾਏ ਗੀ।

ਤੇਰੇ ਦਰ ਤੇ ਉਮਰ ਭਰ ਜੋ ਝੁਕਦੀ ਰਹੀ,
ਹੋਰ ਕਿਸ ਦਰ ਤੇ ਇਹ ਧੌਣ ਝੁੱਕ ਪਾਏ ਗੀ।

ਚਰਨ ਛੋਹ ਪਾ ਤੇਰੀ ਖ਼ਾਕ ਹੀਰੇ ਬਣੀ,
ਮੁੱਲ ਉਹਨਾਂ ਦਾ ਦੁਨੀਆਂ ਕੀਹ ਟੁੱਕ ਪਾਏ ਗੀ।

ਤੇਰੀ ਨਜ਼ਰੋਂ ਵਰੋਸਾਇਆਂ ਨੂੰ ਪੁਛ ਲਿਆ,
ਬਖਸ਼ਸ਼ਾਂ ਦੀ ਨਦੀ ਇਹ ਨ ਸੁਕ ਪਾਏ ਗੀ।

ਤੇਰੀ ਅਜ਼ਮਤ ਦਾ ਸਾਨੀ ਮੈਂ ਕਿਸ ਨੂੰ ਕਹਾਂ,
ਕੋਈ ਵੀ ਨਾ ਉਦਾਹਰਣ ਢੁੱਕ ਪਾਏ ਗੀ।

ਕਿਹੜਾ ਪੱਖ ਹੈ ਮੇਰਾ ਤੂੰ ਨਹੀਂ ਪੂਰਦਾ,
ਕਿਹੜੀ ਰਹਿਮਤ ਹੈ ਜੋ ਆਉਣੋਂ ਰੁਕ ਪਾਏਗੀ।

ਮੇਹਰ ਤੇਰੀ ਦਾ ਹੈ ਬੋਹਲ ਪਰਬਤ ਜਿਹਾ,
ਇਹ ਕਲਮ ਇਕ ਵੀ ਜ਼ੱਰਾ ਨ ਚੁੱਕ ਪਾਏ ਗੀ।

ਪਿਆਰ ਸਾਗਰ ਹੈ ਤੂੰ ਹੱਦ ਕਿਹੜੀ ਮਿੱਥਾਂ,
ਸਾਰੇ ਅਨੁਮਾਨਾਂ ਦੀ ਹਾਮ ਟੁੱਟ ਜਾਏ ਗੀ।

ਓਸ ਡੰਡੀ ਨੂੰ ਅਮਰੀਕ ਨ ਛੱਡ ਦਵੀ,
ਭੈਣੀ ਸਾਹਿਬ ਨੂੰ ਜੋ ਸਿੱਧੀ ਤੁਕ ਜਾਏਗੀ।

• ਲਿਓਤ



Sri Satguru Jagjit Singh Ji Elibrary NamdhariElibrary@gmail.com

# ਰੁਬਾਈਆਂ

ਜਗ, ਚੱਕੀ ਵਿਚ ਤੂੰ ਕਿੱਲੀ ਹੈਂ, ਮੈਂ ਕਿੱਲੀ ਮੁਢ ਦਾਣਾ,
ਇਸ ਕਿੱਲੀ ਮੁੱਢ ਲਗ ਕੇ ਹੀ ਮੈਂ ਅਪਣਾ ਆਪ ਬਚਾਣਾ,
ਦੰਦਾਂ ਦਾ ਹੈ ਪੀੜ੍ਹ ਇਹ ਦੁਨੀਆਂ ਮੈਂ ਵਿਚ ਤੇਤਕ ਜੇਹਾ,
ਤੂੰ ਚਾਹੇਂ ਤਾਂ ਬਚ ਸਕਦਾ ਹਾਂ ਨਹੀਂ ਤੇ ਦਲਿਆ ਜਾਣਾ।

ਇਸ ਘਰ ਨੂੰ .ਅਜ ਘਰ ਨ ਆਖੋ ਬਣਿਆ ਸਵਰਗ ਨਿਆਈਂ,
ਸੱਜਣਾਂ ਧਰਤ ਸੁਹਾਵੀ ਕੀਤੀ, ਚਰਨ ਛੁਹ ਦੇ ਇਸ ਤਾਈਂ,
ਇਸ ਧਰਤੀ ਦਾ ਜ਼ੱਰਾ ਜ਼ੱਰਾ, ਅਤੀ ਆਨੰਦਿਤ ਹੋਇਆ,
ਇਸ ਘਰ ਦੇ ਅਜ ਲਾਗਿਓਂ ਸੱਭੇ ਹੋਈਆਂ ਦੂਰ ਬਲਾਈਂ।

ਕਿਹੜੇ ਕੋਸ਼ ਮਹਾਨ ਚੋਂ ਭਾਲਾਂ ਸ਼ਬਦ ਜੋੜ ਹੇ ਸਾਈਆਂ,
ਕਿਸ ਕਾਗ਼ਜ਼ ਤੇ ਕਲਮ ਲੈ ਕਿਹੜੀ, ਕੈਸੀਆਂ ਕਰਾਂ ਲਿਖਾਈਆਂ,
ਤੇਰਾ ਪਰ ਧੰਨਵਾਦ ਨਹੀਂ ਹੋਣਾ, ਕਿਵੇਂ ਸਮੁੰਦਰ ਨਾਪਾਂ,
ਜੋ ਆਖਾਂ ਸੋ ਊਣਾ ਆਖਾਂ ਬੋਲਾਂ ਵਾਂਗ ਸੁਦਾਈਆਂ।

ਤੂੰ ਮੈਨੂੰ ਜੋ ਮਾਨ ਬਖਸ਼ਨੈ, ਇਸ ਤੇ ਮਾਨ ਹੈ ਇਤਨਾ,
ਭਾਰਤ ਵਰਸ਼ ਨੂੰ ਹੋਰ ਨਹੀਂ ਜਿਓਂ ਮਾਨ ਹਿਮਾਲੇ ਜਿਤਨਾ,
ਤੇਰੀ ਬਖਸ਼ਿਸ਼ ਦਾ ਅਜ ਤੀਕਰ ਪਾਰਾ ਵਾਰ ਨ ਆਇਆ,
ਮੈਂ ਨਾਚੀਜ਼ ਨੇ ਆਕਾਸ਼ਾਂ ਦਾ ਕੀਹ ਅੰਦਾਜ਼ਾ ਮਿਥਨਾ।



Sri Satguru Jagjit Singh Ji Elibrary NamdhariElibrary@gmail.com

# ਇਹਨਾਂ ਚਰਨਾਂ ਤੋਂ ਦੂਰ ਨ ਹਟਾਓ

ਰੱਜ ਰੱਜ ਪਰਸ ਲਵਾਂ ਇਹਨਾਂ ਚਰਨਾਂ ਤੋਂ ਦੂਰ ਨਾ ਹਟਾਓ
ਅੱਖੀਆਂ ਨ ਰੱਜੀਆਂ ਅਜੇ ਸੋਹਣਾਂ ਮੁਖ ਨ ਪਰਾਂ ਪਰਤਾਓ

ਭੱਜ ਭੱਜ ਥੱਕ ਹੁੱਟ ਕੇ ਤੈਨੂੰ ਸੱਜਣਾਂ ਮਸਾਂ ਹੈ ਅਸਾਂ ਭਾਲਿਆ,
ਭਾਲ ਤੇਰੀ ਵਿਚ ਕੀ ਦੱਸਾਂ ਕਿਹੜਾ ਦੁੱਖੜਾ ਅਸਾਂ ਨਹੀਂ ਜਾਲਿਆ,
ਪਾਸ ਆਇਆਂ ਕਾਹਲ ਨ ਕਰੋ, ਮੇਰੀ ਜਨਮਾਂ ਦੀ ਪਿਆਸ ਬੁਝਾਓ,

ਚਾਹਾਂ ਸਦਾ ਏਸੇ ਹੀ ਤਰ੍ਹਾਂ ਬੈਠੇ ਰਹੋ ਅਖੀਆਂ ਦੇ ਸਾਹਮਣੇ,
ਤੁਸਾਂ ਬਿਨਾਂ ਹੋਰ ਨ ਕਿਸੇ ਸਾਡੇ ਵੱਗ ਰਹੇ ਅਥਰੂ ਨੇ ਥਾਮਣੇ,
ਨਜ਼ਰਾਂ ਨ ਨੀਵੀਆਂ ਕਰੋ ਮਿਹਰ ਭਰੀਆਂ ਫੁਹਾਰਾਂ ਸਦਾ ਪਾਓ,

ਸੁੱਖ ਸੁੱਖ ਕਈ ਸੁੱਖਣਾਂ ਅਜ ਮਿਲਨ ਘੜੀ ਮਸਾਂ ਆਈ,
ਔਗੁਣ ਚਿਤਾਰੋ ਨ ਕਦੀ, ਰਖੋ ਚਰਨਾਂ ਦੇ ਨਾਲ ਸਦਾ ਲਾਈ,
ਮੰਦੇ ਚੰਗੇ ਤੁਸਾਂ ਦੇ ਹੀ ਹਾਂ, ਗੁਣ ਹੀਣਾਂ ਨੂੰ ਛੇਤੀ ਅਪਨਾਓ,

ਜ਼ਿੰਦਗੀ ਦੇ ਹਰ ਮੋੜ ਤੇ, ਸਾਨੂੰ ਲੋੜ ਤੁਸਾਂ ਦੀ ਸਦਾ ਰਹਿਣੀ ਏ,
ਕਰ ਲਈਏ ਕੋਈ ਵੀ ਜਤਨ, ਬਹਾਲੀ ਤੇਰੇ ਬਿਨਾ ਕਦੇ ਵੀ ਨ ਬਹਿਣੀ ਏ,
ਸੀਨੇ ਨਾਲ ਘੁੱਟ ਲਾ ਲਵੋ ਜਗ ਕਹਿੰਦਾ ਏ ਕੀ ਨਹੀਂ ਸ਼ਰਮਾਓ।



Sri Satguru Jagjit Singh Ji Elibrary NamdhariElibrary@gmail.com

# ਯਾਦ ਉਹ ਆਇਆ

ਹਰ ਸਾਹੇ ਉਹ ਯਾਦ ਹੈ ਆਇਆ।
ਪਲ ਪਲ ਯਾਦ ਨੇ ਹੈ ਤੜਪਾਇਆ।

ਦੀਦ ਸੱਜਣ ਦੀ ਹੱਜ ਬਰੋਬਰ,
ਤਰਿਆ ਜਿਸ ਨੇ ਦਰਸ਼ਨ ਪਾਇਆ।

ਬੋਲ ਸੱਜਣ ਦੇ ਮਿਠੜੇ ਮਿਠੜੇ,
ਦੁੱਧ ਵਿਚ ਜੀਕਰ ਸ਼ਹਿਦ ਰਲਾਇਆ।

ਚਾਲ ਸੱਜਣ ਦੀ ਮੋਰਾਂ ਵਰਗੀ,
ਜਿਤ ਵਲ ਤੁਰਿਆ ਥਾਨ ਸੁਹਾਇਆ।

ਰੂਪ ਸੱਜਣ ਦਾ ਤੌਬਾ ਤੌਬਾ,
ਚੰਦਰਮਾਂ ਵੀ ਤਕ ਸ਼ਰਮਾਇਆ।

ਨੇੜ ਸੱਜਣ ਦਾ ਨੇੜ ਹੈ ਰੱਬ ਦਾ,
ਦੂਰ ਰਿਹਾ ਸੋ ਸਦ ਪਛਤਾਇਆ।

ਨਜ਼ਰ ਮਿਹਰ ਦੀ ਜਿਸ ਵਲ ਕੀਤੀ,
ਬਦ ਬਖ਼ਤੀ ਨੇ ਡੇਰਾ ਚਾਇਆ।

ਸਿਫ਼ਤਾਂ ਪ੍ਰੀਤਮ ਦੀਆਂ ਨੇ ਵੇਖੋ,
ਦੀਵਾਨਾ ਅਮਰੀਕ ਬਨਾਇਆ।



Sri Satguru Jagjit Singh Ji Elibrary NamdhariElibrary@gmail.com

# ਤੇਰਾ ਹੀ ਬੰਦਾ ਹਾਂ

ਮੈਂ ਤੇਰਾ ਹੀ ਬੰਦਾ ਹਾਂ
ਚੰਗਾ ਹਾਂ ਜਾਂ ਮੰਦਾ ਹਾਂ।

ਉਪਰੋਂ ਚਿੱਟਾ ਦਿਸਦਾ ਹਾਂ,
ਅੰਦਰੋ ਬਹੁਤਾ ਗੰਦਾ ਹਾਂ।

ਸੱਚ ਮੇਰੇ ਵਿਚ ਕਿਥੋਂ ਆਇਆ,
ਝੂਠ ਦਾ ਨਿਰਾ ਪੁਲੰਦਾ ਹਾਂ।

ਜਿਸ ਦੇ ਵਿਚ ਹੈ ਨਿਰਾ ਹੀ ਘਾਟਾ,
ਐਸਾ ਕਰਦਾ ਧੰਦਾ ਹਾਂ।

ਆਪਣੀ ਛਿੱਲ ਆਪ ਜੋ ਲਾਹੇ,
ਤੇਜ਼ ਅਜੇਹਾ ਰੰਦਾ ਹਾਂ।

ਸੂਰਜ ਬਣ ਕੇ ਚਾਨਣ ਬਖਸ਼ੋ,
ਬਿਨ ਚਾਨਣ ਦੇ ਚੰਦਾ ਹਾਂ।

ਤੁਸੀਂ ਹੀ ਤਾਂ ਬਸ ਕਢ ਸਕਦੇ ਹੋ,
ਗਲ ਪਾ ਬੈਠਾ ਫੰਦਾ ਹਾਂ।

ਨਜ਼ਰ ਨਾਲ ਅਮਰੀਕ ਨੂੰ ਤਾਰੋ,
ਅੰਤਰ ਅਗਨ ਬਲੰਦਾ ਹਾਂ।



Sri Satguru Jagjit Singh Ji Elibrary NamdhariElibrary@gmail.com

# ਬਲ ਬਲ ਜਾਵਾਂ

ਉਸ ਵੇਲੇ ਤੋਂ ਬਲ ਬਲ ਜਾਵਾਂ।
ਜਦ ਤੇਰਾ ਦੀਦਾਰ ਮੈਂ ਪਾਵਾਂ।

ਤੂੰ ਮੈਨੂੰ ਹਰ ਦਮ ਹੀ ਪਿਆਰੋਂ,
ਆਪਣੇ ਭਾਗ ਤੋਂ ਜਾਨ ਘੁਮਾਵਾਂ

ਜਿਥੇ ਚਰਨ ਧਰੇਂ ਤੂੰ ਸੱਜਣਾਂ,
ਪੂਜਨ ਯੋਗ ਉਹ ਬਣੀਆਂ ਥਾਵਾਂ।

ਕਦ ਸੱਜਣ ਘਰ ਫੇਰਾ ਪਾਵੇ,
ਕਾਗ ਬਨੇਰਿਓਂ ਸਦਾ ਉਡਾਵਾਂ।

ਚਿੱਠੀ ਅਜ ਸੱਜਣ ਦੀ ਆਈ,
ਪੜ੍ਹਾਂ ਜਾਂ ਘੁੱਟ ਘੁੱਟ ਸੀਨੇ ਲਾਵਾਂ।

ਹੁਸਨ ਤੇਰੇ ਦਾ ਸਾਨੀ ਕਿਹੜਾ,
ਕੋਝ ਆਪਣਾ ਕਿਵੇਂ ਲੁਕਾਵਾਂ।

ਵਾਲ ਵਾਲ ਕੁਰਬਾਨ ਹੈ ਤੇਥੋਂ,
ਹਰ ਦਮ ਤੇਰਾ ਨਾਜ਼ ਉਠਾਵਾਂ।

ਦਰ ਤੇਰੇ ਜਿਹਾ ਹੋਰ ਨ ਕੋਈ,
ਹੋਰ ਕੋਈ ਦਰ ਕਿਓਂ ਖੜਕਾਵਾਂ।



Sri Satguru Jagjit Singh Ji Elibrary NamdhariElibrary@gmail.com

# ਚਾਹੋ ਜੀਵਨ ਜੇ ਆਪਣਾ ਸਵਾਰਣਾ

ਚਾਹੇ ਜੀਵਨ ਜੇ ਆਪਣਾਂ ਸਵਾਰਨਾ।
ਇਹਨਾਂ ਚਰਨਾਂ 'ਚ ਉਮਰ ਗੁਜ਼ਾਰਨਾ।

ਇਹਨਾਂ ਚਰਨਾਂ ਦੀ ਗੱਲ ਹੀ ਨਿਆਰੀ ਏ,
ਏਥੇ ਆਇਆਂ ਸਭ ਮੁਕਦੀ ਖੁਆਰੀ ਏ,
ਰੀਤ ਏਥੋਂ ਦੀ ਨਾ ਔਗੁਣ ਚਿਤਾਰਨਾ।

ਇਹਨਾਂ ਚਰਨਾਂ ਤੇ ਰਖੀਏ ਜਾਂ ਸੀਸ ਨੂੰ,
ਭੁਲ ਜਾਈਦਾ ਏ ਸਭ ਪੀੜ ਚੀਸ ਨੂੰ,
ਏਥੇ ਸਿੱਖੀਦਾ ਏ ਮਨ ਤਾਈਂ ਮਾਰਨਾ।

ਇਹਨਾਂ ਚਰਨਾਂ 'ਚੋਂ ਸਾਰੀਆਂ ਨਿਆਮਤਾਂ,
ਦੂਰ ਭੱਜ ਜਾਣ ਸਾਰੀਆਂ ਹੀ ਆਫ਼ਤਾਂ,
ਇਹਨਾਂ ਚਰਨਾਂ ਹੀ ਭਾਗਾਂ ਨੂੰ ਸੁਧਾਰਨਾ।

ਇਹਨਾਂ ਚਰਨਾਂ ਦੀ ਸਾਰ ਜੋ ਨੇ ਜਾਣਦੇ,
ਏਥੇ ਰਹਿੰਦੇ ਨੇ ਤੇ ਸਦਾ ਮੌਜਾਂ ਮਾਣਦੇ,
ਰਹਿੰਦਾ ਮਨ ਉੱਤੇ ਕੋਈ ਵੀ ਭਾਰ ਨਾ।

ਇਹਨਾਂ ਚਰਨਾਂ ਦੀ ਸਿਫ਼ਤ ਨਿਰਾਲੀ ਏ,
ਏਥੋਂ ਗਿਆ ਨਾ ਕਦੀ ਵੀ ਕੋਈ ਖਾਲੀ ਏ,
ਮਸਾਂ ਬਣੀ 'ਅਮਰੀਕ' ਦੀ ਇਹ ਧਾਰਨਾ।

ਜਿਹੜਾ ਚਰਨਾਂ ਦੀ ਧੂੜ ਮੱਥੇ ਲਾਏ ਗਾ,
ਆਵਾ ਗਵਨ ਦੇ ਗੇੜੋਂ ਛੁਟ ਜਾਏਗਾ,
ਉਹਨੂੰ ਪਵੇ ਗੀ ਜਮਾਂ ਦੀ ਕਦੀ ਮਾਰ ਨਾ।

ਇਹਨਾਂ ਚਰਨਾਂ ਨੂੰ ਦੁਨੀਆਂ ਉਡੀਕਦੀ,
ਕਾਇਆ ਕਲਪ ਕਰੀ ਹੈ 'ਅਮਰੀਕ' ਦੀ,
ਇਹਨਾਂ ਚਰਨਾਂ ਹੀ ਡੁਬਿਆਂ ਨੂੰ ਤਾਰਨਾ।



Sri Satguru Jagjit Singh Ji Elibrary NamdhariElibrary@gmail.com

# ਮੇਹਰ ਮੇਰੇ ਤੇ ਕਰਦੇ ਓ

ਸਦ ਮਿਹਰ ਮੇਰੇ ਤੇ ਕਰਦੇ ਓ,
ਦੁੱਖ ਅਗਲੇ ਪਿਛਲੇ ਹਰਦੇ ਓ।

ਦੱਸਾਂ ਕੀਹ ਮੇਰੀ ਖਾਤਰ ਜੋ,
ਤੁਸੀਂ ਹਰਦਮ ਦੁਖੜੇ ਜਰਦੇ ਓ।

ਮੈਂ ਅੰਦਰੋਂ ਬਾਹਰੋਂ ਕਾਲਾ ਹਾਂ,
ਮੇਰੀ ਕਾਲਖ ਤੋਂ ਨਾ ਡਰਦੇ ਓ।

ਇਹ ਦਿਲ ਇਕ ਧਰਤ ਬਿਗਾਨੀ ਏ,
ਨਿੱਤ ਬੱਦਲ ਬਣ ਕੇ ਵਰ੍ਹਦੇ ਓ।

ਜਨਮਾਂ ਦੀ ਖਾਲੀ ਝੋਲ ਮੇਰੀ,
ਨੂੰ ਭਰ ਭਰ ਬੁੱਕ ਪੈ ਭਰਦੇ ਓ।

ਹਰ ਇਕ ਦੀ ਓੱਟ ਤੇ ਓਹਲਾ ਹੈ,
ਬੇ-ਪਰਦਾਂ ਦੇ ਤੁਸੀਂ ਪਰਦੇ ਓ।

ਅਣ-ਵਰੀਆਂ ਸਾਡੀਆਂ ਆਸਾਂ ਨੂੰ,
ਤੁਸੀਂ ਬਿਨ ਪੁਛਿਆਂ ਪੈ ਵਰਦੇ ਓ।

ਤਰ ਜਾਂਦੇ ਨੇ 'ਅਮਰੀਕ' ਜਹੇ,
ਸਿਰ ਹੱਥ ਤੁਸੀਂ ਜਾਂ ਧਰਦੇ ਓ।



Sri Satguru Jagjit Singh Ji Elibrary NamdhariElibrary@gmail.com

# ਤੇਰਾ ਮੁਸਕਰਾਣਾ

ਹੈ ਰਹਿਮਤ ਦੀ ਬਾਰਸ਼ ਤੇਰਾ ਮੁਸਕਰਾਣਾ।
ਤੂੰ ਬੋਲੇਂ ਤਾਂ ਬਖ਼ਸ਼ਸ਼ ਦਾ ਖੁਲ੍ਹਦੈ ਖ਼ਜ਼ਾਨਾ।

ਤੇਰਾ ਨੇੜ ਪਾਂਦੈ ਕੁਰਾਹੀਆਂ ਨੂੰ ਰਾਹੇ,
ਤੇਰਾ ਪਿਆਰ ਜਨਮਾਂ ਦੀ ਤੰਦ ਮੈਲ ਲਾਹੇ,
ਕਰੇ ਕਲਪ ਕਾਇਆ ਇਹ ਜਾਣੇ ਜ਼ਮਾਨਾ।

ਤੇਰਾ ਹਰ ਕਦਮ ਬਰਕਤਾਂ ਦੀ ਨਿਸ਼ਾਨੀ,
ਇਹ ਜੋ ਨਜ਼ਰ ਆਉਂਦੈ ਤੇਰੀ ਮਿਹਰਬਾਨੀ,
ਕਰੇਂ ਮਿਹਰ ਸਭ ਤੇ ਤੂੰ ਲਭ ਲਭ ਬਹਾਨਾ।

ਤੇਰੇ ਨੈਣਾਂ ਮਾਹੌਲ ਮਦਹੋਸ਼ ਕੀਤੇ,
ਰਹੀ ਸੁੱਧ ਨ ਜਿਸ ਜਾਮ ਨਜ਼ਰਾਂ ਦਾ ਪੀਤੇ,
ਜੋ ਇਕ ਵਾਰ ਆਇਆ ਕਿਤੇ ਉਸ ਨ ਜਾਣਾ।

ਜੋ ਇਹ ਚਰਨ ਪਰਸੇ ਉਹ ਮੂੰਹ ਮੰਗੀਆਂ ਪਾਵੇ,
ਜੋ ਸਰਨੀ ਪਵੇ ਉਹਦੇ ਮੁੱਕ ਜਾਣ ਹਾਵੇ,
ਨਿਥਾਵੇਂ ਨੂੰ ਮਿਲਦੈ ਸਦੀਵੀ ਠਿਕਾਣਾ।

ਉਹ ਕਰਮਾਂ ਦੇ ਹੀਣੇ ਜੋ ਨਾ ਸਾਰ ਜਾਣਨ,
ਕਿ ਭੌਰੇ ਹੀ ਫੁੱਲਾਂ ਦੀ ਮਹਿਕਾਰ ਜਾਣਨ,
ਤੇ ਨੂਹੇਂ ਤਾਂ ਜਾਣਨ ਸਦਾ ਡੰਗ ਚਲਾਣਾ।

ਉਹ 'ਅਮਰੀਕ' ਵਰਗੇ ਦੇ ਔਗੁਣ ਗਿਣੇ ਨਾ,
ਕਿਸੇ ਦੇ ਗੁਨਾਹਾਂ ਦਾ ਕਦ ਉਹ ਮਿਣੇ ਨਾ,
ਮੈਂ ਇਹ ਜਾਣ ਹੋਇਆ ਹਾਂ ਕਮਲਾ ਦੀਵਾਨਾ।



Sri Satguru Jagjit Singh Ji Elibrary NamdhariElibrary@gmail.com

# ਹਰ ਹਿਰਦੇ ਨੂੰ

ਹਰ ਹਿਰਦੇ ਨੂੰ ਪਿਆਰ ਸੁਗੰਧੀ ਨਾਲ ਭਰਾਂ ਗੇ।
ਗੁਰ ਜਗਜੀਤ ਦੇ ਸਪਨੇ ਸਭ ਸਾਕਾਰ ਕਰਾਂ ਗੇ।

ਅਮਨ ਏਕਤਾ ਪਿਆਰ ਦਾ ਜੋ ਸੰਦੇਸਾ ਦੇਵੇ,
ਪਿਆਰ ਦਾ ਰੂਪ ਹੀ ਬਣ ਜਾਂਦੇ ਜੋ ਉਸ ਨੂੰ ਸੇਵੇ,
ਸਾਰੀ ਉਮਰ ਹੀ ਅਸੀਂ ਵੀ ਉਸ ਦਾ ਧਿਆਨ ਧਰਾਂ ਗੇ।

ਵੈਰ ਵਿਰੋਧਾਂ ਨਾਲ ਭਰੇ ਜੋ ਨੱਕ ਨੱਕ ਸੀਨੇ,
ਦਰਸ਼ਨ ਦੇ ਕੇ ਸਾਰੇ ਹੀ ਉਸ ਨਿਰਮਲ ਕੀਨੇ,
ਹੁਕਮ ਵਿਚ ਜੀਵਾਂਗੇ ਉਸ ਦੇ ਕਹੇ ਮਰਾਂ ਗੇ।

ਠੰਢੀ ਮੂਰਤ ਠਾਰ ਦਵੇ ਜੋ ਅਗਨ ਬਲੰਦੀ,
ਚਰਨ ਪਰਸਿਆਂ ਲਹਿ ਜਾਵੇ ਹਰ ਕਾਂਗ ਚੜ੍ਹੰਦੀ,
ਸਰਨ ਤੁਸਾਂ ਦੀ ਪਿਆਂ ਬਿਨਾਂ ਸੁਖ ਨਹੀਂ ਵਰਾਂ ਗੇ।

ਤੂੰ ਵੱਸੇਂ ਮਨ ਅੰਦਰ ਹੋਵਨ ਦੂਰ ਬਲਾਵਾਂ,
ਬਿਨ ਤੇਰੇ ਦੀਦਾਰ ਕਦੇ ਵੀ ਸੁਖ ਨ ਪਾਵਾਂ,
ਕਿਸੇ ਮੁਸੀਬਤ ਕੋਲੋਂ ਕਦੇ ਵੀ ਨਹੀਂ ਡਰਾਂ ਗੇ।

ਛਡ ਦਰ ਤੇਰਾ ਕਿਸ ਦਰ ਜਾਈਏ ਸਾਂਈ ਮੇਰੇ,
ਕਿਤੇ ਨਾ ਮਿਲਿਆ ਚੈਨ ਫਿਰੇ ਹਾਂ ਚਾਰ ਚੁਫੇਰੇ,
ਨਾਲ 'ਅਮਰੀਕ' ਨੂੰ ਲੈ ਕੇ ਸੰਕਟ ਸਭੀ ਹਰਾਂ ਗੇ।



Sri Satguru Jagjit Singh Ji Elibrary NamdhariElibrary@gmail.com

# ਰਖ ਚਰਨਾਂ ਦੇ ਕੋਲ

ਮੈਨੂੰ ਰਖ ਚਰਨਾਂ ਦੇ ਕੋਲ।
ਕਿਤੇ ਦਵੇ ਨ ਜ਼ਮਾਨਾ ਰੋਲ।

ਜਗ ਭਰਿਆ ਦੇ ਨਾਲ ਹੇਰਾ ਫੇਰੀਆਂ,
ਤਾਂ ਹੀ ਤਕੀਆਂ ਨੇ ਅਜ ਆਸਾਂ ਤੇਰੀਆਂ,
ਮੱਚੀ ਹਰ ਪਾਸੇ ਰੋਲ ਗਦੋਲ।

ਜਿੰਨ੍ਹ ਵੇਖਿਆ ਉਹ ਗਰਜ਼ਾਂ ਦੇ ਮਾਰਿਆ,
ਤੇਰੇ ਬਿਨਾ ਕਿਸੇ ਸੀਨਾਂ ਨਹੀਂ ਠਾਰਿਆ,
ਹਰ ਇਕ ਨੂੰ ਮੈਂ ਵੇਖਿਆ ਏ ਤੋਲ।

ਇਸ ਜੱਗ ਦੀਆਂ ਝੂਠੀਆਂ ਨੇ ਯਾਰੀਆਂ,
ਮੌਕਾ ਆਇਆਂ ਮਾਰ ਜਾਂਦੇ ਨੇ ਉਡਾਰੀਆਂ,
ਕੋਈ ਲੈਂਦੇ ਨੇ ਬਹਾਨਾਂ ਟੋਲ।

ਮੈਂ ਤਾਂ ਛਡਿਆ ਜਹਾਨ ਅਜ ਸਾਰਾ ਏ,
ਤੇਰਾ ਲਿਆ ਅਜ ਸੱਜਣਾਂ ਸਹਾਰਾ ਏ,
ਮੈਨੂੰ ਰੁਲਦੇ ਨੂੰ ਪਾਓ ਵਿਚ ਝੋਲ।

ਕੋਈ ਰੇਖ ਵਿਚ ਮੇਖ ਅਜ ਮਾਰਿਓ,
ਮੇਰਾ ਅੱਗਾ ਪਿੱਛਾ ਸਾਰਾ ਹੀ ਸਵਾਰਿਓ,
ਕਰ ਦਿਓ 'ਅਮਰੀਕ' ਨੂੰ ਅਡੋਲ।



Sri Satguru Jagjit Singh Ji Elibrary NamdhariElibrary@gmail.com

# ਉੱਚੀ ਸ਼ਾਨ

ਧਰਤੀਓਂ ਉੱਚਾ ਜਿਓਂ ਆਸਮਾਨ।
ਤਿਓਂ ਪ੍ਰੀਤਮ ਦੀ ਉੱਚੀ ਸ਼ਾਨ।

ਕੀ ਜਾਣਾਂ ਰੱਬ ਕਿਥੇ ਵਸਦੈ,
ਮੇਰਾ ਤਾਂ ਇਹ ਹੀ ਭਗਵਾਨ।

ਸੱਜਣ ਦੇ ਜੇ ਹੋਕੇ ਰਹੀਏ,
ਆਪਣਾਂ ਬਣਦੈ ਸਗਲ ਜਹਾਨ।

ਜਿਥੇ ਉਸ ਦਾ ਜ਼ਿਕਰ ਨ ਹੋਵੇ,
ਉਹ ਮਹਿਫ਼ਲ ਹੈ ਸੁੰਨ ਮਸਾਨ।

ਨਜ਼ਰ ਮਿਹਰ ਦੀ ਜਿਸ ਵਲ ਹੋਵੇ,
ਰੋਗ ਸੋਗ ਸਭ ਡੇਰਾ ਚਾਣ।

ਆਪ ਹੋ ਸਾਗਰ ਮੈਂ ਹਾਂ ਮਛਲੀ,
ਤੁਸਾਂ ਬਿਨਾ ਨ ਬਚਦੀ ਜਾਨ।

ਬੋਲ ਸੱਜਣ ਦੇ ਮਿਸ਼ਰੀਓਂ ਮਿੱਠੇ,
ਜੀ ਕਰਦੈ ਹੋਵਾਂ ਕੁਰਬਾਨ।

ਦਰ ਦਰ ਤੇ 'ਅਮਰੀਕ' ਨ ਭਟਕੀਂ,
ਹੋਵੇ ਗੀ ਏਥੇ ਕਲਿਆਨ।



Sri Satguru Jagjit Singh Ji Elibrary NamdhariElibrary@gmail.com

# ਆਓ

ਆਓ ਅਜ ਲੋਕੋ ਆਓ
ਇਸ ਦਰ ਤੇ ਸੀਸ ਝੁਕਾਓ

ਮੂੰਹ ਮੰਗਿਆਂ ਮਿਲਨ ਮੁਰਾਦਾਂ,
ਜਨਮਾਂ ਦੀਆਂ ਲਹਿੰਦੀਆਂ ਗਾਦਾਂ,
ਜੋ ਇਸ ਦਰ ਦੇ ਹੋ ਜਾਓ।

ਜੋ ਆਉਂਦੈ ਭਟਕਿਆ ਭੁੱਲ੍ਹਾ,
ਹੈ ਰਹਿਮਤ ਦਾ ਦਰ ਖੁੱਲ੍ਹਾ,
ਅਜ ਖਾਲੀ ਝੋਲ ਭਰਾਓ।

ਸਭ ਆਸਾਂ ਪੂਰੀਆਂ ਹੋਵਨ,
ਜੋ ਸਦਾ ਅਧੂਰੀਆਂ ਹੋਵਨ,
ਇਕ ਵੇਰਾਂ ਤਾਂ ਅਜ਼ਮਾਓ।

ਜੇ ਸਵਰਗ ਵੇਖਣ ਦੀ ਚਾਹ ਏ,
ਇਹ ਸਵਰਗ ਦਾ ਅਸਲੀ ਰਾਹ ਏ,
ਇਸ ਰਸਤੇ ਨੂੰ ਅਪਨਾਓ।

ਇਸ ਦਰ ਤੇ ਠੰਢ ਵਰਤਦੀ,
ਮੰਦ-ਹਾਲਤ ਫੇਰ ਪਰਤਦੀ,
ਜਨਮਾਂ ਦੀ ਪਿਆਸ ਬੁਝਾਓ।

ਜ਼ਰਾ ਧਿਆਨ ਤਾਂ ਏਧਰ ਮੋੜੋ,
ਜੇ ਸੋਨਾ ਬਣਨਾ ਲੋੜੋ,
ਤਾਂ ਪਾਰਸ ਨੂੰ ਹੱਥ ਲਾਓ।

ਹਰ ਏਕ ਬਣੇ ਵਡ-ਭਾਗਾ,
ਕੋਈ ਰਹੇ ਨਾ ਅਜ ਮੰਦ ਭਾਗਾ,
'ਅਮਰੀਕ' ਨੂੰ ਸਾਥ ਲਿਆਓ।



Sri Satguru Jagjit Singh Ji Elibrary NamdhariElibrary@gmail.com

# ਸੱਜਣ ਸਾਡਾ

ਸੱਜਣ ਸਾਡਾ ਸਦ ਸੋਹੰਦਾ ਸਿਫ਼ਤਾਂ ਕਰ ਕਰ ਹਾਰੀ, ਮੈਂ ਵੀਚਾਰੀ।
ਨਦਰੀ ਨਦਰ ਨਿਹਾਲ ਕਰੰਦਾ ਹਰਦਾ ਹਰ ਬੀਮਾਰੀ, ਮਿਟੇ ਖੁਆਰੀ।
ਹਰ ਹਉਮੈ ਨੂੰ ਸਿਰੋਂ ਕਟੰਦਾ ਫੜ ਕੇ ਤੇਗ ਦੋ ਧਾਰੀ, ਐਸੀ ਮਾਰੀ।
ਮਿਹਰਵਾਨ ਉਹ ਸਦ ਬਖਸ਼ੰਦਾ, ਚਾੜ੍ਹੇ ਨਾਮ ਖੁਮਾਰੀ, ਬੜੀ ਪਿਆਰੀ।
ਸਾਰੇ ਬਿਖੜੇ ਪੰਧ ਮੁਕੰਦਾ, ਦੁਬਿਧਾ ਸਗਲ ਨਿਵਾਰੀ, ਓਟ ਤੁਹਾਰੀ।
ਦਰਦ ਮੰਦਾਂ ਦੇ ਦਰਦ ਵੰਡੰਦਾ, ਪੀੜਾ ਹਰਦਾ ਸਾਰੀ, ਡੁਬਦੀ ਤਾਰੀ।
ਹਰ ਪਾਸੇ ਖੁਸ਼ਬੂ ਖਿੰਡੰਦਾ, ਜੀਕਰ ਕਮਲ ਕਿਆਰੀ, ਧਰਤ ਮਹਿਕਾਰੀ।
ਸੱਦ ਸੱਦ ਅਪਣੇ ਪਾਸ ਬਹੰਦਾ, ਕਾਇਆ ਕਲਪ ਸੁਆਰੀ, ਜੂਨ ਸੁਧਾਰੀ।
ਗੁੱਝੇ ਭੇਤ ਹੈ ਨਿਤ ਸਮਝੰਦਾ, ਮਨ ਦੀ ਮੈਲ ਉਤਾਰੀ ਲੈ ਪੁਚਕਾਰੀ।
ਅੰਤਰ ਅਨਹਦ ਨਾਦ ਵਜੰਦਾ, ਜਾਵਾਂ ਸਦ ਬਲਿਹਾਰੀ, ਸੌ ਸੌ ਵਾਰੀ।
ਠਾਰੇ ਹਿਰਦਾ ਅਗਨ ਤਪੰਦਾ, ਮੰਦ ਅਗਨੀ ਵੀ ਠਾਰੀ, ਪੀੜ ਨਿਵਾਰੀ।



Sri Satguru Jagjit Singh Ji Elibrary NamdhariElibrary@gmail.com

# ਸਭ ਜੱਗ ਮੇਰਾ ਹੋਇ

ਤੂੰ ਮੇਰਾ ਜੇ ਹੋਵੇਂ ਸੱਜਣਾਂ ਸਭ ਜਗ ਮੇਰਾ ਹੋਇ।
ਬਿਨ ਤੇਰੇ ਇਹ ਦੁਖ ਘਨੇਰੇ ਹਰ ਨਾ ਸੱਕੇ ਕੋਇ।

ਸਭ ਜਗ ਡਿੱਠਾ ਉਪਰੋਂ ਮਿੱਠਾ ਅੰਦਰੋਂ ਜ਼ਹਿਰਾਂ ਭਰਿਆ।
ਗ਼ਰਜ਼ ਬਿਨਾ ਜੋ ਫ਼ਰਜ਼ ਪਛਾਣੇ ਤੇਰਾ ਦਰਸ਼ਨ ਕਰਿਆ।

ਤੂੰ ਸਮਰੱਥ, ਅਕੱਥ, ਅਗੋਚਰ, ਕੀਹ ਤੇਰੇ ਗੁਣ-ਦੱਸਾਂ,
ਮੈਂ ਹੀਣਾਂ ਤੂੰ ਸਦ ਪਰਬੀਣਾਂ, ਆਪਾ ਤਕ ਤਕ ਹੱਸਾਂ।

ਤੂੰ ਦਰਿਆ ਹੈ ਮਿਹਰਾਂ ਭਰਿਆ, ਮੈਂ ਵਿਚ ਮੱਛਲੀ ਜੇਹਾ,
ਦੂਰ ਰਹਾਂ ਤਾਂ ਕੀਕਰ ਜੀਵਾਂ, ਵਿਚ ਰਹਾਂ ਡਰ ਕੇਹਾ।

ਤੇਰਾ ਮੁਖ ਤਕ ਸਭ ਦੁਖ ਭੁਲਦੇ, ਸੁਖ ਹੋਵੇ ਦਿਨ ਰਾਤੀ,
ਬੋਲ ਤੇਰੇ ਰਸ ਘੋਲਣ ਜੀਕਰ, ਮਿਸ਼ਰੀ ਦੁਧ ਰਲਾਤੀ।

ਛਡ ਸਭ ਰਿਸ਼ਤੇ ਵੱਦੇ ਫਸਤੇ ਮੈਂ ਤੇਰੇ ਦਰ ਆਇਆਂ,
ਮੈਂ ਵੀਚਾਰਾ ਨਹੀਂ ਗੁਜ਼ਾਰਾ, ਤੇਰੇ ਕੰਡ ਭੁਆਇਆਂ।



Sri Satguru Jagjit Singh Ji Elibrary NamdhariElibrary@gmail.com

# ਪਿਆਰ ਦਿਓ

ਸੱਜਣ ਜੀ ਅਜ ਸਾਨੂੰ ਬੁੱਕ ਭਰ ਪਿਆਰ ਦਿਓ।
ਦੇ ਕੇ ਪਿਆਰ ਅਸਾਡੀ ਉਮਰ ਸੁਆਰ ਦਿਓ।

ਨਫ਼ਰਤ ਦੇ ਅੰਗਿਆਰਾਂ ਤਨ ਮਨ ਲੂਹ ਸੁਟਿਆ,
ਗਲਵਕੜੀ ਵਿਚ ਲੈ ਕੇ ਸੀਨਾਂ ਠਾਰ ਦਿਓ।

ਅਣਮੁਕ ਸੋਮੇਂ ਤੁਸੀਂ ਹੋ ਚਾਨਣ ਰਿਸ਼ਮਾਂ ਦੇ,
ਸਾਨੂੰ ਵੀ ਅਜ ਰਿਸ਼ਮਾਂ ਚਾਰ ਹੁਦਾਰ ਦਿਓ।

ਜੀਵਨ ਸਾਡਾ ਸਾਰਾ ਕੋਝਾਂ ਘੇਰ ਲਿਆ,
ਛੋਹ ਅਪਣੀ ਦੇ ਇਸਨੂੰ ਜ਼ਰਾ ਸ਼ੰਗਾਰ ਦਿਓ।

ਕੰਡਿਆਂ ਦੇ ਵਿਚ ਰਹਿ ਰਹਿ ਛਲਣੀ ਹੋਏ ਹਾਂ,
ਫੁੱਲਾਂ ਦਾ ਅਜ ਸਾਨੂੰ ਵੀ ਉਪਹਾਰ ਦਿਓ।

ਜ਼ਹੁ ਸਾਗਰ ਵਿਚ ਘਿਰਿਆ ਬੇੜਾ ਆਸਾਂ ਦਾ,
ਮੋਢਾ ਲਾ ਕੇ ਇਸਨੂੰ ਹੁਣ ਕਰ ਪਾਰ ਦਿਓ।

ਸੁਣ ਸੁਣ ਕੌੜੇ ਬੋਲ ਕੁੜਿੱਤਣ ਵਧ ਰਹੀ ਏ,
ਮਿਠੜੇ ਬੋਲਾਂ ਨਾਲ ਮਿਠਾਸ ਖਿਲਾਰ ਦਿਓ।

ਸਮਾਂ ਬੀਤਿਆ ਬਹੁਤਾ ਪਤਝੜ ਆਈ ਨੂੰ
ਇਸ ਧਰਤੀ ਨੂੰ ਅਬਦੀ ਇਕ ਬਹਾਰ ਦਿਓ।



Sri Satguru Jagjit Singh Ji Elibrary NamdhariElibrary@gmail.com

# ਸਰਸ਼ਾਰ ਹੋਇਆਂ

ਤੇਰੀ ਦੀਦ ਪਾ ਕੇ ਮੈਂ ਸਰਸ਼ਾਰ ਹੋਇਆਂ,
ਗ਼ਮੋ ਫ਼ਿਕਰ ਦੇ ਸਾਗਰੋਂ ਪਾਰ ਹੋਇਆਂ।

ਮੇਰੇ ਨਾਲ ਕੀਹ ਚਲ ਸਕੇ ਗਾ ਜ਼ਮਾਨਾਂ,
ਮੈਂ ਮਸਤੀ ਦੇ ਘੋੜੇ ਤੇ ਅਸਵਾਰ ਹੋਇਆਂ।

ਜੋ ਵੰਡਦਾ ਫਿਰੇ ਥਾਂ ਥਾਂ ਖ਼ੁਸ਼ੀਆਂ ਤੇ ਖੇੜੇ,
ਮੈਂ ਓਸੇ ਦੇ ਚਰਨਾਂ ਤੋਂ ਬਲਿਹਾਰ ਹੋਇਆਂ।

ਪਵੇ ਜੋ ਸਰਨ ਉਸ ਦੇ ਵਿੰਗ ਟੇਢ ਮਿਟਦੇ,
ਕਹੇ, "ਛਡ ਦੇ ਵਲ ਛਲ ਮੈਂ ਇਕ ਸਾਰ ਹੋਇਆਂ।"

ਉਹ ਵੀਰਾਨੀਆਂ ਦਿਲ ਦੀਆਂ ਦੂਰ ਕਰਦੈ,
ਜ਼ਰਾ ਵੇਖੋ ਮੈਂ ਗ਼ੁਲ ਤੋਂ ਗ਼ੁਲਜ਼ਾਰ ਹੋਇਆਂ।

ਉਹ ਬਖਸ਼ਸ਼ ਦਾ ਵਡਾ ਜੋ ਭੰਡਾਰ ਲੋਕੋ,
ਮੈਂ ਓਸੇ ਦੀ ਬਖਸ਼ਸ਼ ਦਾ ਹਕਦਾਰ ਹੋਇਆਂ।

ਜ਼ਰ੍ਹਾ ਉਸਦੀ ਮਨ ਮੋਹਣੀ ਸੂਰਤ ਨਿਹਾਰੋ,
ਜੋ ਤਕਦੈ ਉਹ ਕਹਿੰਦੈ, "ਮੈਂ ਜ਼ਰਦਾਰ ਹੋਇਆਂ।"

ਹਰਿਕ ਨਾਲ ਉਹ ਪ੍ਰੀਤ-ਪੀਂਘਾਂ ਝੂਟਾਉਂਦੈ,
ਨਹੀਂ ਡਿੱਗਣ ਦੇਂਦਾ ਖ਼ਬਰਦਾਰ ਹੋਇਆਂ।

ਹੈ ਸੁਖ ਦਾ ਉਹ ਸੋਮਾਂ ਤੇ ਦਾਤਾਂ ਦਾ ਦਰਿਆ,
ਮਿਲੇ ਰੂਹ ਦਾ ਪੂਰਾ ਹੀ ਸ਼ਿੰਗਾਰ ਹੋਇਆਂ।

ਐ 'ਅਮਰੀਕ' ਘੁੱਟ ਕੇ ਚਰਨ ਉਸ ਦੇ ਫੜ ਲੈ,
ਤੇ ਕਹਿਦੇ 'ਮੈਂ ਤੇਰਾ ਹੀ ਪ੍ਰਸਤਾਰ ਹੋਇਆਂ।"



Sri Satguru Jagjit Singh Ji Elibrary NamdhariElibrary@gmail.com

# ਰੋਕੋ ਨਾ

ਮੈਨੂੰ ਉਸ ਦੇ ਦਰ ਤੇ ਜਾਣ ਤੋਂ ਰੋਕੋ ਨਾ।
ਉਸ ਬੂਹੇ ਤੇ ਧੂਣੀ ਲਾਣ ਤੋਂ ਰੋਕੋ ਨਾ।

ਚਰਨ ਧੂੜ ਜੋ ਉਡਦੀ ਆਉਂਦੀ ਦਿਸਦੀ ਏ,
ਧੂੜ ਉਹ ਮੱਥੇ ਲਾ ਚਮਕਾਣ ਤੋਂ ਰੋਕੋ ਨਾ।

ਜਿਸ ਦਰਵਾਜ਼ਿਓਂ ਮੈਨੂੰ ਸਭ ਕੁਝ ਮਿਲਣਾਂ ਏ,
ਉਹ ਦਰਵਾਜ਼ਾ ਨਿਤ ਖੜਕਾਣ ਤੋਂ ਰੋਕੋ ਨਾ।

ਪ੍ਰੀਤਮ ਸਾਡੇ ਜਿਸ ਧਰਤੀ ਤੇ ਵੱਸਦੇ ਨੇ,
ਉਸ ਥਾਂ ਆਪਣਾ ਸੀਸ ਝੁਕਾਣ ਤੋਂ ਰੋਕੋ ਨਾ।

ਇਸ ਦੁਨੀਆਂ ਵਿਚ ਦਰ ਦਰ ਫਿਰਦੇ ਆਏ ਹਾਂ,
ਡੇਰਾ ਇਸ ਦਰ ਫੇਰ ਜਮਾਣ ਤੋਂ ਰੋਕੋ ਨਾ।

ਪੈੜਾਂ ਸਾਨੂੰ ਦੱਸਣ ਏਧਰ ਚਲੇ ਗਏ,
ਉਸ ਪਾਸੇ ਹੀ ਕਦਮ ਵਧਾਣ ਤੋਂ ਰੋਕੋ ਨਾ।

ਕਿਸੇ ਤਰ੍ਹਾਂ ਵੀ ਨਜ਼ਰ ਓਸ ਦੀ ਚੜ੍ਹ ਜਾਵਾਂ,
ਵੇਸ ਕੋਈ ਵੀ ਕਰਨ ਕਰਾਣ ਤੋਂ ਰੋਕੋ ਨਾ।

ਘੁੱਟ ਘੁੱਟ ਮਿਲਿਆਂ ਬਾਝ ਅਸਾਨੂੰ ਸਬਰ ਨਹੀਂ,
ਸੱਜਣ ਦੇ ਗਲ ਬਾਹਾਂ ਪਾਣ ਤੋਂ ਰੋਕੋ ਨਾ।

ਕਿਹੜੀ ਕਿਹੜੀ ਦੱਸੋ ਉਸਦੀ ਸਿਫਤ ਕਰਾਂ,
ਹਰ ਦਮ ਉਸ ਦੇ ਗੀਤ ਗਾਣ ਤੋਂ ਰੋਕੋ ਨਾ।

ਪਾਸੇ ਹੋ ਜਾਓ ਆਉਂਦਾ ਹੈ 'ਅਮਰੀਕਾ' ਜਿਹਾ,
ਮਾਹੀ ਦੇ ਸੰਗ ਨਜ਼ਰ ਮਿਲਾਣ ਤੋਂ ਰੋਕੋ ਨਾ।



Sri Satguru Jagjit Singh Ji Elibrary NamdhariElibrary@gmail.com

# ਕਮਲਾ ਕਮਲਾ ਕਹਿੰਦੇ ਓ

ਧੰਨ ਭਾਗ ਮੈਨੂੰ ਕਮਲਾ ਕਮਲਾ ਕਹਿੰਦੇ ਓ,
ਕਮਲਾ ਜਾਣ ਕੇ ਪਾਸ ਮੇਰੇ ਨਾ ਬਹਿੰਦੇ ਓ।

ਕਮਲਾ ਜਿਸ ਨੇ ਕੀਤਾ ਮਨ ਵਿਚ ਵੱਸਦਾ ਏ,
ਅੰਦਰ ਵੱਸਦੈ ਫੇਰ ਵੀ ਭੇਤ ਨਾ ਦੱਸਦਾ ਏ,
ਮਨ ਵਿਚ ਵੱਸ ਕੇ ਦੁਖ ਮੇਰੇ ਸਭ ਸਹਿੰਦੇ ਓ।

ਅੰਤਰ ਧਿਆਨ ਹੋ ਮਨ ਮੰਦਰ ਵਿਚ ਤਕਿਆ ਜਾਂ,
ਮੇਰੀ ਨਜ਼ਰ ਦੀ ਕੀਲੋਂ ਬਾਹਰ ਹੋ ਸਕਿਆ ਨਾ,
ਦਿਸਦੇ ਨਹੀਂ ਪਰ ਪਾਸ ਸਦਾ ਹੀ ਰਹਿੰਦੇ ਓ।

ਸੁਣ ਸੁਣ ਮਿੱਠੜੇ ਬੋਲ ਮੈਂ ਖੀਵਾ ਹੋਇਆ ਹਾਂ,
ਖੀਵੇ-ਪਣ ਦੇ ਵਿਚ ਹੀ ਗਿਆ ਸਮੋਇਆ ਹਾਂ,
ਮਦ-ਹੋਸ਼ੀ ਦੀ ਧਾਰਾ ਬਣ ਕੇ ਵਹਿੰਦੇ ਓ।

ਗੁਣ-ਵੰਤੇ ਹੋ ਔਗੁਣ ਕਦੇ ਨਾ ਗਿਣਦੇ ਜੇ,
ਊਣੇ-ਪਣ ਦੀ ਗਹਿਰਾਈ ਨਾ ਮਿਣਦੇ ਜੇ,
ਸ਼ਕਤੀ ਹੁੰਦਿਆਂ ਫੇਰ ਵੀ ਰਹਿੰਦੇ ਢਹਿੰਦੇ ਓ।

ਪਿਆਰ ਤੁਹਾਡਾ ਕਿਸ ਵੱਟੇ ਸੰਗ ਤੋਲਾਂ ਮੈਂ,
ਤਨ ਮਨ ਹੈ ਅਹਿਸਾਨ ਮੰਦ ਕੀਹ ਬੋਲਾਂ ਮੈਂ,
ਕੋਮਲ-ਚਿੱਤ ਹੋ ਪਰ ਕੰਡਿਆਂ ਸੰਗ ਖਹਿੰਦੇ ਓ।

ਹਥਿਆਰਾਂ ਬਿਨ ਜਗ ਸਾਰਾ ਤੁਸਾਂ ਜਿੱਤ ਲਿਆ,
ਨਜ਼ਰ ਨਾਲ ਹੀ ਵੈਰੀ ਨੂੰ ਕਰ ਮਿੱਤ ਲਿਆ,
ਕੋਲ ਮੇਰੇ ਕਿਓਂ ਬਹਿਣੋਂ ਫੇਰ ਤ੍ਰਹਿੰਦੇ ਓ।

ਤਰਲਾ ਹੈ ਨਾ ਕੰਡ ਮੇਰੇ ਵਲ ਕਰਿਓ ਜੇ,
ਏਸੇ ਤਰ੍ਹਾਂ ਹੀ ਫ਼ਿਕਰ ਮੇਰੇ ਸਭ ਹਰਿਓ ਜੇ,
ਹਰ ਔਕੜ ਅਮਰੀਕ ਦੀ ਮੂਹਰੇ ਡਹਿੰਦੇ ਓ।



Sri Satguru Jagjit Singh Ji Elibrary NamdhariElibrary@gmail.com

# ਹਮੇਸ਼ਾਂ ਰਹਿਣ ਦਿਓ

ਸਰਨ ਆਪਣੀ ਵਿਚ ਹਮੇਸ਼ਾਂ ਰਹਿਣ ਦਿਓ।
ਪਾਸ ਆਪਣੇ ਸਾਨੂੰ ਰੱਜ ਰੱਜ ਬਹਿਣ ਦਿਓ।

ਮੂੰਹ ਸਾਡੇ ਦੇ ਅਗੇ ਹਥ ਕਿਓਂ ਦੇਂਦੇ ਹੋ,
ਦਿਲ ਦੀਆਂ ਗੱਲਾਂ ਅਜ ਅਸਾਨੂੰ ਕਹਿਣ ਦਿਓ।

ਤੁਸੀਂ ਕੀਮੀਆ ਗਰ ਹੋ ਕ੍ਰਿਸ਼ਮੇ ਕਰੀ ਚਲੋ,
ਛੋਹ ਆਪਣੀ ਸੰਗ ਖੋਟ ਅਸਾਡੇ ਲਹਿਣ ਦਿਓ।

ਤੁਸਾਂ ਦੇ ਅੰਦਰ ਪਿਆਰ ਦਾ ਦਰਿਆ ਵਗਦਾ ਏ,
ਸਾਡੇ ਵੱਲ ਹੀ ਸਦਾ ਏਸ ਨੂੰ ਵਹਿਣ ਦਿਓ।

ਨਾਲ ਇਸ਼ਾਰੇ ਖਾਲੀ ਝੋਲਾਂ ਭਰ ਦੇਵੋ,
ਊਣੇ ਪਣ ਦੇ ਦੁਖ ਨਾ ਸਾਨੂੰ ਸਹਿਣ ਦਿਓ।

ਫੁੱਲ ਅਸੀਂ ਹਾਂ ਕੰਡਿਆਂ ਜਿਹਾ ਜ਼ਮਾਨਾਂ ਏ,
ਕੰਡਿਆਂ ਨੂੰ ਫੁੱਲਾਂ ਦੇ ਸੰਗ ਨਾ ਖਹਿਣ ਦਿਓ।

ਅਪਣੇ ਰੰਗ ਵਿਚ ਰੰਗ ਲਵੋ ਹੇ ਪ੍ਰੀਤਮ ਜੀ,
ਸਾਡੇ ਤੇ ਰੰਗ ਹੋਰ ਨਾ ਕੋਈ ਪੈਣ-ਦਿਓ।

ਛੱਡ ਆਸਰੇ ਸਾਰੇ ਆਣ ਦੁਆਰ ਖੜੇ,
ਰੂਹ ਸਾਡੀ ਨੂੰ ਆਜ ਸਦੀਵੀ ਚੈਣ ਦਿਓ।


Sri Satguru Jagjit Singh Ji Elibrary NamdhariElibrary@gmail.com

# ਇਕ ਅਰਜ਼ ਮੇਰੀ ਮਨਜ਼ੂਰ ਕਰੋ

ਇਕ ਅਰਜ਼ ਮੇਰੀ ਮਨਜ਼ੂਰ ਕਰੋ।
ਦਿਲ ਆਪਣੇ ਤੋਂ ਨ ਦੂਰ ਕਰੋ।

ਮੈਂ ਜਨਮ ਜਨਮ ਦਾ ਊਣਾ ਹਾਂ,
ਕਰੋ ਮਿਹਰ ਤੇ ਹੁਣ-ਭਰਪੂਰ ਕਰੋ।

ਰੂਹ ਭਟਕੀ ਹਮੇਸ਼ ਹਨੇਰਿਆਂ ਵਿਚ,
ਸਭ ਰਾਹਾਂ ਮੁੜ ਪੁਰ ਨੂਰ ਕਰੋ।

ਹਰ ਕਦਮ ਤੇ ਸੌ ਸੌ ਰੋਕਾਂ ਨੇ,
ਰੋਕਾਂ ਸਭ ਚਕਨਾ ਚੂਰ ਕਰੋ।

ਮੈਥੋਂ ਕਿਉਂ ਇਤਨੇ ਹੋ ਦੂਰ ਖੜੇ,
ਇਸ ਦੂਰੀ ਨੂੰ ਜਲਦ ਅਬੂਰ ਕਰੋ।

ਖੁਸ਼ ਕਿਸਮਤ ਹਾਂ ਲੜ ਲਾਇਆ ਜੇ
ਲੜ ਲੱਗਿਆਂ ਦੀ ਬਿਪਤ ਜ਼ਰੂਰ ਹਰੋ।

ਤੁਸੀ ਪਰਬਤ ਮੈਂ ਇਕ ਜ਼ੱਰਾ ਹਾਂ,
ਇਸ ਜ਼ੱਰੇ ਨੂੰ ਕੋਹੇ ਨੂਰ ਕਰੋ।

ਇਕ ਬੂੰਦ ਹਾਂ ਮੈਂ ਤੁਸੀ ਸਾਗਰ ਹੋ,
ਇਸ ਬੂੰਦ ਦਾ ਦੂਰ ਗ਼ਰੂਰ ਕਰੋ।

ਚਰਨਾਂ ਦੀ ਰੇਤ 'ਚ' ਰਲ ਜਾਵਾਂ,
'ਅਮਰੀਕ' ਤੇ ਰਹਿਮ ਜ਼ਰੂਰ ਕਰੋ।



Sri Satguru Jagjit Singh Ji Elibrary NamdhariElibrary@gmail.com

# ਕੀਹ ਮਾਣ ਦਿਆਂ

ਕੀਹ ਮਾਣ ਤੇ ਕੀਹ ਸਤਿਕਾਰ ਦਿਆਂ।
ਇਹ ਜਾਨ ਤੁਸਾਂ ਤੋਂ ਵਾਰ ਦਿਆਂ।

ਬਖਸ਼ਿਸ਼ ਜੋ ਹਮੇਸ਼ਾ ਕਰਦੇ ਓ,
ਕੀਕਨ ਅਹਿਸਾਨ ਉਤਾਰ ਦਿਆਂ।

ਸੰਸਾਰ ਸਮੂਲਚਾ ਹੀ ਜਿੱਤ ਸਕਦਾਂ,
ਤੇਰੇ ਸਾਹਵੇਂ ਜੇ ਆਪਾ ਵਾਰ ਦਿਆਂ।

ਤੇਰੀ ਖ਼ਿਦਮਤ ਵਿਚ ਲੱਖ ਮੌਜਾਂ ਨੇ,
ਏਥੇ ਹੀ ਉਮਰ ਗੁਜ਼ਾਰ ਦਿਆਂ।

ਤੁਸੀਂ ਚਾਹੋ ਤਾਂ ਜਲ ਥਲ ਕਰ ਦੇਵੋ,
ਛਿਨ ਲਗੇ ਨਾ ਡੁੱਬਦੇ ਤਾਰ ਦਿਆਂ।

ਤੇਰੀ ਚਰਨ ਧੂੜ ਦੇ ਛੌਰਿਆਂ ਸੰਗ,
ਸਾਰੀ ਦੁਨੀਆਂ ਦੇ ਕੋਝ ਸੁਆਰ ਦਿਆਂ।

ਫੁੱਲ ਕਲੀਆਂ ਲਿਆਵਾਂ ਚੁਣ ਚੁਣ ਕੇ,
ਗੁਲਦਸਤਾ ਬਨਾ ਉਪਹਾਰ ਦਿਆਂ।

ਕੋਈ ਸਾਨੀ ਤੁਸਾਂ ਦਾ ਲਭਿਆ ਨਹੀਂ,
ਥੱਕਿਆ ਹਾਂ ਜਗਤ ਨਿਹਾਰ ਦਿਆਂ।

ਤੇਰਾ ਸਿਮਰਨ ਮੇਰੀ ਬੰਦਗੀ ਏ,
ਮੁੱਕ ਜਾਵਾਂ ਤੁਸਾਂ ਨੂੰ ਚਿਤਾਰ ਦਿਆਂ।



Sri Satguru Jagjit Singh Ji Elibrary NamdhariElibrary@gmail.com

# ਜ਼ਿੰਦਗੀ ਦਾ ਅਸਲ ਨਿਸ਼ਾਨਾ ਹੋ

ਮੇਰੀ ਮਨਜ਼ਿਲ ਹੋ ਮੇਰੀ ਚਾਹਿਤ ਹੋ, ਜ਼ਿੰਦਗੀ ਦਾ ਅਸਲ ਨਿਸ਼ਾਨਾ ਹੋ,
ਰਬ ਨਾਲ ਅਭੇਦ ਹੋ ਜਾਵਣ ਦਾ, ਮਾਧਿਅਮ ਹੋ ਆਪ ਬਹਾਨਾ ਹੋ।

ਰੂਹਾਂ ਦੀ ਕਾਇਆ ਕਲਪ ਕਰੋ, ਜਨਮ ਦੇ ਦੁਖੜੇ ਸਗਲ ਹਰੋ,
ਫ਼ਰਸ਼ੋਂ ਚੁੱਕ ਅਰਸ਼ੀ ਆਪ ਧਰੋ, ਐਸਾ ਇਕ ਮਧੁਰ ਤਰਾਨਾ ਹੋ।

ਤੁਸੀਂ ਦਾਇਮੀ ਚਸ਼ਮੇ ਪਿਆਰ ਦੇ ਹੋ, ਮੇਰਾ ਤਪਦਾ ਸੀਨਾਂ ਠਾਰਦੇ ਓ,
ਕਰ ਕਰਕੇ ਮਿਹਰ ਨਾ ਹਾਰਦੇ ਓ, ਕੁਦਰਤ ਦਾ ਇਕ ਨਜ਼ਰਾਨਾ ਹੋ।

ਲੋਹੇ ਨੂੰ ਪਾਰਸ ਕਰ ਦੇਵੇ, ਅਤੇ ਖਾਲੀ ਝੋਲਾਂ ਭਰ ਦੇਵੇ,
ਮੰਗਤੇ ਸਿਰ ਤਾਜ ਵੀ ਧਰ ਦੇਵੇ, ਖ਼ੁਸ਼ੀਆਂ ਦਾ ਅਸਲ ਖ਼ਜ਼ਾਨਾ ਹੋ।

ਕੀ ਸਿਫ਼ਤ ਸੱਜਣ ਦੀ ਕਰੀਏ ਜੀ, ਹੱਥ ਦੇਵੇਂ ਕੰਨਾਂ ਤੇ ਧਰੀਏ ਜੀ,
ਚਰਨਾਂ ਵਿਚ ਜੀਵੀਏ ਮਰੀਏ ਜੀ, ਜਗ ਤਾਣੀ ਦੇ ਤਾਣਾ ਬਾਣਾ ਹੋ।

'ਅਮਰੀਕ' ਨੂੰ ਚਰਨੀ ਬਹਿਣ ਦਿਓ, ਮੂੰਹ ਆਈਆਂ ਇਸ ਨੂੰ ਕਹਿਣ ਦਿਓ,
ਹੰਝੂਆਂ ਦੀਆਂ ਨਦੀਆਂ ਵਹਿਣ ਦਿਓ, ਤੁਸੀਂ ਜਾਣਦੇ ਸਭ ਅਫ਼ਸਾਨਾ ਹੋ।



Sri Satguru Jagjit Singh Ji Elibrary NamdhariElibrary@gmail.com

# ਮੇਰੇ ਸਾਹਿਬਾ

ਮੇਰੇ ਸਾਹਿਬਾ ਹੈ ਤੇਰੀ ਮਿਹਰਬਾਨੀ।
ਮੇਰੀ ਜ਼ਿੰਦਗੀ ਵਿਚ ਜੋ ਆਈ ਰਵਾਨੀ।

ਤੇਰੇ ਪਿਆਰ ਦਾ ਮੋਅਜਜ਼ਾ ਹੈ ਇਹ ਸਾਰਾ,
ਬਣੀ ਬੇਸ਼-ਕੀਮਤ ਮੇਰੀ ਜ਼ਿੰਦਗਾਨੀ।

ਹਨੇਰਾ ਮੇਰੇ ਦਿਲ ਦਾ ਸਭ ਦੂਰ ਹੋਇਆ,
ਮੈਂ ਤਕਿਆ ਜਦੋਂ ਦਾ ਇਹ ਚਿਹਰਾ ਨੂਰਾਨੀ।

ਤੇਰੀ ਚਰਨ-ਛੋਹ ਜੇ ਨਾ ਮਿਲ ਪਾਂਦੀ ਮੈਨੂੰ,
ਕਦੀ ਮੁੱਲ ਨਾ ਪੈਣਾ ਸੀ ਮੇਰਾ ਦਵਾਨੀ।

ਹੈ ਵਿਸ਼ਵਾਸ ਮਨਜ਼ਲ ਅਵੱਸ਼ ਹੀ ਮਿਲੇਗੀ,
ਨਜ਼ਰ ਆ ਗਈ ਤੇਰੇ ਦਰ ਦੀ ਨਿਸ਼ਾਨੀ।

ਜ਼ਰਾ ਜਲਵਾਗਰ ਹੋਵੋ ਤੇ ਪਰਦਾ ਹਟਾਓ,
ਕਰੋ ਦੂਰ ਇਕ ਦਮ ਦਿਲਾਂ ਦੀ ਵੀਰਾਨੀ।

ਤੂਫਾਨੀਂ ਘਿਰੀ ਮੇਰੀ ਕਸ਼ਤੀ ਸੰਭਾਲੋ,
ਤੁਸਾਂ ਬਿਨ ਕਰਾਂ ਆਸ ਕਿਉਂ ਮੈਂ ਬਿਗਾਨੀ।

ਤੇਰੇ ਤੁਲ ਮੈਂ ਦੱਸ ਹੋਰ ਕਿਸ ਨੂੰ ਬਿਠਾਵਾਂ,
ਕੋਈ ਵੀ ਤੇ ਦਿਸਦਾ ਨਹੀਂ ਤੇਰਾ ਸਾਨੀ।

ਸਦਾ ਵਾਂਗ ਅਪਣਾ ਤੁਸੀਂ ਬਿਰਦ ਪਾਲੋ,
ਮੇਰੇ ਅਵਗੁਣਾਂ ਤੇ ਕਰੋ ਨਾ ਗਿਲਾਨੀ।

ਮੇਰੇ ਹਮਨਿਵਾਓ ਮੇਰਾ ਸਾਥ ਦੇਵੋ,
ਚੱਲੋ ਓਸ ਦਰ ਤੇ ਝੁਕਾਦੀਏ ਪੇਸ਼ਾਨੀ।

ਤੂੰ 'ਅਮਰੀਕ' ਅਜ ਤੇ ਚਰਨ ਘੁਟ ਕੇ ਫੜ ਲੈ
ਗਵਾ ਬੈਠੋਂ ਬੇ-ਅਰਥ ਬਚਪਨ ਜਵਾਨੀ।



Sri Satguru Jagjit Singh Ji Elibrary NamdhariElibrary@gmail.com

# ਆਇਆ ਦੂਰ ਤੋਂ ਬੜੀ

ਆਇਆ ਦੂਰ ਤੋਂ ਬੜੀ ਮੈਂ ਹਾਂ ਭੱਜ ਭੱਜ ਕੇ।
ਦਰਸ਼ਨ ਕਰਨ ਦਿਓ ਮੈਨੂੰ ਰੱਜ ਰੱਜ ਕੇ।

ਕੋਝ ਸੋਝ ਵਿਚ ਸਾਰੇ ਹੀ ਬਦਲ ਦਿਓ,
ਜਿਹੜਾ ਰਖਦਾ ਰਿਹਾ ਮੈਂ ਹਾਂ ਕੱਜ ਕੱਜ ਕੇ।

ਜਾਣ ਲੀਤਾ ਹੈ ਮੈਂ ਉਹ ਤੁਸੀਂ ਹੀ ਤਾਂ ਹੋ,
ਮੈਨੂੰ ਖ਼ਾਬਾਂ ਵਿਚ ਮਿਲਦੇ ਸੀ ਸਜ ਧਜ ਕੇ।

ਦੁਨੀਆਂ ਵਾਲੇ ਨੇ ਸਭ ਮੈਨੂੰ ਵਿਸਰ ਗਏ,
ਸ਼ਰਨੀ ਆਣ ਪਿਆਂ ਸਭ ਨੂੰ ਤਜ ਤਜ ਕੇ।

ਅਪਣੇ ਸੋਹਲ ਹਥੀਂ ਜ਼ਖਮ ਸਹਿਲਾ ਦਿਓ,
ਜ਼ਖਮੀ ਹੋਇਆ ਪਿਆਂ ਕੰਡੇ ਵੱਜ ਵੱਜ ਕੇ

ਤੇਰੇ ਗੁਣ ਅਪਣੇ ਅਵਗੁਣ ਮੈਂ ਤੋਲੇ ਜਦੋਂ,
ਪਾਣੀ ਪਾਣੀ ਮੈਂ ਹੋਇਆ ਹਾਂ ਲੱਜ ਲੱਜ ਕੇ।

ਜਿਸ ਨੇ ਵਿਗੜੀ ਸਵਾਰੀ ਹੈ 'ਅਮਰੀਕ' ਦੀ,
ਲੋਕੋ ਇਹ ਹੀ ਤਾਂ ਹੈ ਆਖਾਂ ਗੱਜ ਵੱਜ ਕੇ।



Sri Satguru Jagjit Singh Ji Elibrary NamdhariElibrary@gmail.com

# ਪਾਇਆ ਜਾਂ ਦੀਦਾਰ

ਉਹਦਾ ਪਾਇਆ ਜਾਂ ਦੀਦਾਰ ਮਨ ਦੀ ਮੈਲ ਗਈ।
ਸੁਣੀ ਮਿੱਠੀ ਗੁਫ਼ਤਾਰ ਜਮ ਦੀ ਗੈਲ ਗਈ।

ਜਦੋਂ ਪਾਇਆ ਉਹਦਾ ਨੇੜ, ਮਿਟੀ ਸਗਲੀ ਤ੍ਰੇੜ,
ਮੁੱਕਾ ਆਉਣ ਜਾਣ ਗੇੜ, ਕਾਇਆ ਕਲਪ ਭਈ।

ਉਹ ਜਾਂ ਇਕ ਵਾਰ ਤੱਕੇ, ਦਿੱਸਣ ਕਿੰਨੇ ਸਾਰੇ ਮੱਕੇ,
ਲੱਕੀਂ ਰਹਿ ਗਏ ਹੱਕੇ ਬੱਕੇ, ਜਦ ਬਾਂਹ ਪਕੜ ਲਈ।

ਜ਼ਰਾ ਵੇਖੋ ਉਹਦੀ ਚਾਲ, ਜਿਵੇਂ ਰੱਬ ਤੁਰੇ ਨਾਲ,
ਕਰੀ ਜਾਂਦਾ ਏ ਕਮਾਲ, ਧੁਮ ਧਾਮ ਹੈ ਪਈ।

ਦਿਲਾਂ ਵਿਚ ਉਹਦਾ ਵਾਸ, ਯਾਦ ਰਹੇ ਸੁਆਸ ਸੁਆਸ,
ਕਰੇ ਪਿਆਰ ਨਾਲ ਦਾਸ, ਮਸਤ ਹੋਏ ਨੇ ਕਈ।

ਉਹਦੀ ਤੱਕਣੀ ਅਜੇਹੀ, ਰਹਿੰਦੀ ਵੱਸ ਨਹੀਂ ਦੇਹੀ,
ਕਹਿੰਦਾ 'ਅਮਰੀਕ' ਏਹੀ, ਟਿੱਬੀ ਭਰਮ ਢਹੀ।



Sri Satguru Jagjit Singh Ji Elibrary NamdhariElibrary@gmail.com

# ਮਨ ਮਖ਼ਮੂਰ ਹੋ ਗਇਆ

ਕੀਤਾ ਜਦੋਂ ਦਾ ਦੀਦਾਰ ਮਨ ਮਖ਼ਮੂਰ ਹੋ ਗਇਆ।
ਮੇਰੇ ਦਿਲ ਦਾ ਕੋਨਾਂ ਕੋਨਾਂ ਨੂਰੋ ਨੂਰ ਹੋ ਗਇਆ।

ਐਸੀ ਕਰਾਮਾਤ ਹੈ ਕੀਤੀ, ਮਨ-ਮਤ ਹੋਈ ਫੀਤੀ ਫੀਤੀ,
ਸਾਰੇ ਭਰਮਾਂ ਦਾ ਪਹਾੜ ਚਕਨਾਂ ਚੂਰ ਹੋ ਗਇਆ।

ਮੇਰਾ ਐਸਾ ਝਾਕਾ ਖੁਲ੍ਹਾ, ਅਜ ਮੈਂ ਬਣ ਕੇ ਬਾਹੂ, ਬੁਲ੍ਹਾ,
ਸ਼ਰਮਾਂ ਸਭੇ ਲਾਹੀਆਂ ਨੱਚਣ ਤੇ ਮਜਬੂਰ ਹੋ ਗਇਆ।

ਮੈਂ ਸਾਂ ਜਨਮ ਜਨਮ ਦਾ ਊਣਾ, ਫੜ ਤੂੰ ਜਦੋਂ ਮਾਰਿਆ ਝੂਣਾਂ,
ਊਣਾਂ-ਪਣ ਅਜ ਸਾਰਾ ਮੁੱਕਾ, ਮੈਂ ਭਰਪੂਰ ਹੋ ਗਇਆ।

ਮੁੱਕੀਆਂ ਅੰਦਰ ਦੀਆਂ ਸਭ ਜੰਗਾਂ, ਰਲਿਆ ਨਾਲ ਹਾਂ ਮਸਤ ਮਲੰਗਾਂ,
ਮੈਨੂੰ ਨਸ਼ਾ ਅਗੰਮੀ ਚੜ੍ਹਿਆ, ਅਤਿ ਮਸਰੂਰ ਹੋ ਗਇਆ।

ਘਿਰਿਆ ਮੈਂ ਸਾਂ ਵਿਚ ਮੰਝਧਾਰੀ, ਅਰਜ ਕਰੀ ਮੈਂ ਡੋਬ ਨਾ ਮਾਰੀ,
ਫੜਿਆ ਜਦ ਉਸ ਬਾਹੋਂ ਬਸ ਤੂਫਾਨ ਅਬੂਰ ਹੋ ਗਇਆ।

ਨਜ਼ਰ ਨਾਲ ਜਾਂ ਨਜਰ ਮਿਲਾਈ, ਲਹਿ ਗਈ ਸਾਰੀ ਗੂੜ੍ਹ ਸਿਆਹੀ,
ਉਜਲਾ ਤਨ ਮਨ ਐਸਾ ਹੋਇਆਂ, ਮੈਂ ਮਸ਼ਹੂਰ ਹੋ ਗਇਆ,

ਲੋਕੋ ਦਿਓ ਵਧਾਈ ਆ ਕੇ, ਆਇਆਂ ਸਾਰੇ ਭਰਮ ਮਿਟਾ ਕੇ,
ਜਿਥੇ ਤੂੰ 'ਅਮਰੀਕ' ਨੂੰ ਮਿਲਿਆ, ਕੋਹੇ ਤੂਰ ਹੋ ਗਇਆ।



Sri Satguru Jagjit Singh Ji Elibrary NamdhariElibrary@gmail.com

# ਸੌ ਵਾਰ ਕੁਰਬਾਨ ਹਾਂ

ਤੇਰੇ ਚਰਨਾਂ ਤੋਂ ਸੌ ਵਾਰ ਕੁਰਬਾਨ ਹਾਂ।
ਦਰ ਤੇਰੇ ਤੇ ਖੜਾਂ ਵਾਂਗ ਦਰਬਾਨ ਹਾਂ।

ਕਰਦਿਆਂ ਸਿਫ਼ਤ ਉਮਰਾ ਗੁਜ਼ਰ ਜਾਏਗੀ,
ਪਰ ਲੜੀ ਸਿਫ਼ਤ ਦੀ ਨਾ ਇਹ ਟੁੱਟ ਪਾਏਗੀ,
ਗਿਣ ਸਕਾਂ ਗਾ ਕਿਵੇਂ ਮੈਂ ਤਾਂ ਹੈਰਾਨ ਹਾਂ।

ਏਸ ਦਰ ਤੇ ਜੋ ਇਨਸਾਨ ਝੁੱਕ ਜਾਏਗਾ,
ਆਵਾ-ਗਵਣਾਂ ਦਾ ਝਗੜਾ ਹੀ ਮੁਕ ਜਾਏਗਾ,
ਮੇਰੇ ਧੰਨ-ਭਾਗ ਇਸ ਦਰ ਤੇ ਪਰਵਾਨ ਹਾਂ।

ਉਹ ਘੜੀ ਹੀ ਸਫਲ ਸਮਝ ਮੇਰੇ ਮਨਾਂ,
ਚਰਨ ਪਰਸਾਂ ਤੇਰੇ ਗੁਣ ਮੈਂ ਗਿਣਦਾ ਰਹਾਂ,
ਮੈਂ ਨਿਮਾਣਾ ਨਹੀਂ ਸਮਝੋ ਸੁਲਤਾਨ ਹਾਂ।

ਭਾਵੇਂ ਜ਼ੱਰਾ ਹਾਂ ਉਸ ਦੀ ਚਰਨ ਧੂੜ ਦਾ,
ਕਿਤਨਾ ਛੋਟਾ ਹਾਂ ਪਰ ਭਾਗ ਹਾਂ ਨੂਰ ਦਾ,
ਤਕ ਲਵੋ ਪਾ ਰਿਹਾ ਤਾਂਹੀ ਸਨਮਾਨ ਹਾਂ।

ਕਿਸਤਰ੍ਹਾਂ ਪ੍ਰੀਤਮਾ ਤੈਨੂੰ ਭੁਲ ਜਾਵਾਂ ਗਾ,
ਮੈਂ ਤਾਂ ਖੰਡ ਬਣ ਕੇ ਤੇਰੇ 'ਚ ਘੁਲ ਜਾਵਾਂਗਾ।
ਤੂੰ ਹੈਂ ਮੇਰਾ ਮੈਂ ਤੇਰਾ ਹੀ ਵਰਦਾਨ ਹਾਂ।

ਕੌਣ ਕਹਿੰਦਾ ਏ ਤੂੰ ਮੈਥੋਂ ਕੁਝ ਦੂਰ ਹੈਂ,
ਆਸ ਦੇ ਫੁੱਲਾਂ ਦਾ ਬਸ ਤੂੰ ਹੀ ਬੂਰ ਹੈਂ,
ਵਾਂਗ 'ਅਮਰੀਕ' ਮਹਿਕਾਂ 'ਚ ਗ਼ਲਤਾਨ ਹਾਂ।



Sri Satguru Jagjit Singh Ji Elibrary NamdhariElibrary@gmail.com

# ਮੇਰੇ ਦਿਲ ਦੀ ਕਹਾਣੀ

ਸੁਣ ਸੱਜਣਾਂ ਤੂੰ ਮੇਰੇ ਦਿਲ ਦੀ ਕਹਾਣੀ।
ਅੱਗਾਂ ਵਿਚ ਵੱਸੇ ਤੇਰੇ ਪਿਆਰ ਦੀ ਜ਼ਬਾਨੀ।

ਤੇਰੇ ਬਿਨਾਂ ਦੱਸ ਹੋਰ ਕਿਸ ਨੂੰ ਸੁਣਾਵਾਂ,
ਕਿਹੜਿਆਂ ਇਸ਼ਾਰਿਆਂ ਦੇ ਨਾਲ ਸਮਝਾਵਾਂ,
ਹੋਰ ਕਿਸੇ ਵੇਦਨ ਨਾ ਅੰਦਰ ਦੀ ਜਾਣੀ।

ਸੋਹਣਾਂ ਮੈਨੂੰ ਤੇਰੇ ਜਿਹਾ ਹੋਰ ਨਹੀਂ ਲੱਗਦਾ,
ਛੱਡਿਆ ਮੈਂ ਤਾਂ ਹੀ ਖਹਿੜਾ ਝੂਠੇ ਇਸ ਜੱਗਦਾ,
ਤੂੰ ਹੀ ਮੇਰੀ ਓਟ ਮੇਰੇ ਦਿਲ ਦਾ ਹੈਂ ਜਾਨੀ।

ਤੂੰ ਹੀ ਮੇਰੀ ਜਦੋਂ ਕਦੋਂ ਵਿਗੜੀ ਸਵਾਰਨੈਂ,
ਨਜ਼ਰਾਂ ਦੇ ਨਾਲ ਕੂੜਾ ਦਿਲ ਦਾ ਬੁਹਾਰਨੈਂ,
ਪੱਜ ਪਾ ਪਾ ਘੜੀ ਮੁੜੀ ਕਰੇਂ ਮਿਹਰਬਾਨੀ।

ਜਦੋਂ ਦਾ ਤੂੰ ਮੈਨੂੰ ਲੜ ਆਪਣੇ ਹੈ ਲਾ ਲਿਆ,
ਮੇਰਿਆਂ ਗੁਨਾਹਾਂ ਉੱਤੇ ਪਰਦਾ ਹੈ ਪਾ ਲਿਆ,
ਮੰਦੇ ਦਿਨਾਂ ਦੀ ਨ ਕੋਈ ਰਹੀ ਏ ਨਿਸ਼ਾਨੀ।

ਜਿੰਨ੍ਹਾਂ ਦਾ ਮੈਂ ਹੁਣ ਤੀਕ ਆਸਰਾ ਸੀ ਤਕਿਆ,
ਉਹਨਾਂ ਪਿਛੇ ਭੱਜ ਭੱਜ ਘੱਟਾ ਬਹੁਤ ਫੱਕਿਆ,
ਮੁੱਲ ਮੇਰਾ ਪਾਇਆ ਉਹਨਾਂ ਇਕ ਨ ਦੁਆਨੀ।

ਸ਼ੁਕਰ ਹੈ ਮੈਨੂੰ ਅਜ ਹੋਸ਼ ਕੁਝ ਆ ਗਈ,
ਅਜ 'ਅਮਰੀਕ' ਯਾਰੀ ਤੇਰੇ ਨਾਲ ਪਾ ਲਈ,
ਖ਼ਾਕ ਵਿਚ ਰੁਲਦੇ ਦੀ ਕਦਰ ਪਛਾਣੀ।



Sri Satguru Jagjit Singh Ji Elibrary NamdhariElibrary@gmail.com

# ਮੈਂ ਜਦੋਂ ਦਾ ਵੀ ਹਾਂ ਤੇਰਾ ਹੋ ਗਿਆ

ਮੈਂ ਜਦੋਂ ਦਾ ਵੀ ਹਾਂ ਤੇਰਾ ਹੋ ਗਇਆ,
ਇਕ ਨਵੀਂ ਦੁਨੀਆਂ 'ਚ ਅਜ ਮੈਂ ਖੋ ਗਇਆ।

ਕੀ ਮੇਰੇ ਸੱਜਣਾਂ ਤੂੰ ਕੀਤੈ ਮੋਜਜ਼ਾ
ਨੇੜ ਤੇਰਾ ਮੈਲ ਮਨ ਦੀ ਧੋ ਗਇਆ।

ਦਿਲ ਦੀ ਹਰ ਨੁੱਕਰ ਮੁਨੱਵਰ ਹੋ ਗਈ,
ਤੂੰ ਹੈਂ ਅਜ ਚਾਨਣ ਦੀ ਚੌਂਕੀ ਭੋ ਗਇਆ।

ਅੰਗ ਅੰਗ ਮੇਰੇ ਤੇ ਲਾਈ ਛਾਪ ਤੂੰ,
ਆਪਣੇ ਹਥੀਂ ਗ਼ਮ ਦੇ ਬੂਹੇ ਢੋ ਗਇਆ।

ਮਨ ਦੇ ਵਿਹੜੇ ਵਿਚ ਨੇ ਲੱਗੀਆਂ ਰੌਣਕਾਂ,
ਹਰ ਤਰਫ਼ ਕੋਈ ਖਿੰਡਾ ਖ਼ੁਸ਼ਬੋ ਗਇਆ।

ਸੁੰਨੀਆਂ ਗ਼ਾਰਾਂ ਨੂੰ ਜਿਸ ਸ਼ਿੰਗਾਰਿਆ,
ਘੋਲ ਕੇ ਕੇਸਰ ਤੂੰ ਥਾਂ ਥਾਂ ਚੋ ਗਇਆ।

ਕਰ ਗਇਓਂ ਮਹਿਕਾਂ ਦੀ ਬਾਰਸ਼ ਮਲਕੜੇ,
ਖ਼ੂਨ ਮੇਰੇ ਵਿਚ ਤੂੰ ਮਸਤੀ ਗੋ ਗਇਆ।

ਇਸ ਤਰ੍ਹਾਂ ਨਸ਼ਿਆ ਗਈ ਏ ਜ਼ਿੰਦਗੀ,
ਖ਼ਾਬ ਵਿਚ ਤੂੰ ਜਦ ਦਾ ਮੈਨੂੰ ਛੋਹ ਗਇਆ।

ਚਲਦਾ ਫਿਰਦਾ ਪਿਆਰ ਦਾ ਸਾਗਰ ਹੈਂ ਤੂੰ,
ਪਿਆਰ ਦੀ ਥਾਂ ਥਾਂ ਤੂੰ ਦੇ ਕਨਸੋ ਗਇਆ।

ਰਹਿ ਨਾ ਜਾਵਨ ਹੁਣ ਕਿਤੇ ਬਦਬਖ਼ਤੀਆਂ,
ਅਜ ਮੇਰੀ 'ਅਮਰੀਕ' ਹਰ ਥਾਂ ਟੋਹ ਗਇਆ।



Sri Satguru Jagjit Singh Ji Elibrary NamdhariElibrary@gmail.com

# ਦਿਲ ਦੀਵਾਨਾ ਹੋ ਗਇਆ

ਯਾਦ ਸੱਜਣਾਂ ਨੇ ਕੀਤਾ ਦਿਲ ਦੀਵਾਨਾ ਹੋ ਗਇਆ।
ਗ਼ਮਾਂ ਫਿਕਰਾਂ ਦਾ ਖ਼ਤਮ ਫ਼ਸਾਨਾ ਹੋ ਗਇਆ।

ਛੱਡੇ ਸਾਰੇ ਸਿੜ੍ਹੀ ਸਿਆਪੇ, ਪੁੱਤ ਧੀਆਂ ਭਾਈ ਮਾਪੇ,
ਰਾਹਾਂ ਤੇਰੀਆਂ ਤੇ ਅਜ, ਮੈਂ ਰਵਾਨਾ ਹੋ ਗਇਆ।

ਕਰਾਂ ਦੱਸ ਕੀ ਬਿਆਨ, ਤੇਰੀ ਕਿੰਨੀ ਉੱਚੀ ਸ਼ਾਨ,
ਤੂੰ ਹੈਂ ਸ਼ਮਾਂ ਮੇਰੀ ਜਾਨ, ਮੈਂ ਪਰਵਾਨਾ ਹੋ ਗਇਆ।

ਜਿਹੜੇ ਪਾਸੇ ਵੀ ਮੈਂ ਜਾਵਾਂ, ਤੇਰੀ ਹੋਂਦ ਮੈਂ ਹਰ ਥਾਂ ਪਾਵਾਂ,
ਹਰ ਦਮ ਗੀਤ ਤੇਰੇ ਹੀ ਗਾਵਾਂ, ਆਪ ਤਰਾਨਾ ਹੋ ਗਇਆ।

ਫੋਲ ਕੇ ਵੇਖੇ ਤਨ ਮਨ ਮੇਰਾ, ਲਾਇਆ ਪਿਆਰ ਤੇਰੇ ਨੇ ਡੇਰਾ,
ਹੋਇਆਂ ਜਗ ਤੋਂ ਕਿਤੇ ਉਚੇਰਾ, ਕਿਤੇ ਮਹਾਨ ਹੋ ਗਇਆ।

ਕਿਹੜੀ ਗੱਲ ਮੈਂ ਦੱਸ ਲੁਕਾਵਾਂ, ਤੈਨੂੰ ਘੁੱਟ ਲਵਾਂ ਵਿਚ ਬਾਹਵਾਂ,
ਲਾਹ ਕੇ ਸਾਰੀਆਂ ਸ਼ਰਮ ਹਯਾਵਾਂ ਅਜ ਮਸਤਾਨਾ ਹੋ ਗਇਆ।

ਲਾਓ ਹੁਣ ਨਾਂ ਪ੍ਰੀਤਮ ਦੇਰੀ, ਕਿਤੇ ਹੋ ਜਾਵਾਂ ਨ ਢਹਿ ਢੇਰੀ,
ਆਸ ਮੈਂ ਰਖੀ ਹੈ ਬਸ ਤੇਰੀ, ਉਲਟ ਜ਼ਮਾਨਾ ਹੋ ਗਇਆ।

ਦਿਲ ਤੋਂ ਦੂਰ ਨਾ ਜ਼ਰਾ ਹਟਾਓ, ਆਪਣੇ ਕੋਲ ਤਾਂ ਜ਼ਰਾ ਬਿਠਾਓ,
ਤਪਦੇ ਸੀਨੇ ਨੂੰ ਠੰਢ ਪਾਓ, ਦਿਲ ਨਜ਼ਰਾਨਾ ਹੋ ਗਇਆ।

ਅਜ 'ਅਮਰੀਕ' ਠੀਕ ਹੈ ਕਹਿੰਦਾ, ਹਰ ਦਮ ਮਸਤੀ ਵਿਚ ਜੋ ਰਹਿੰਦਾ,
ਕਦੀ ਵੀ ਨਸ਼ਾ ਨਹੀਂ ਜੋ ਲਹਿੰਦਾ, ਤੂੰ ਬਹਾਨਾ ਹੋ ਗਇਆ।



Sri Satguru Jagjit Singh Ji Elibrary NamdhariElibrary@gmail.com

# ਮੇਰੇ ਕ੍ਰਿਸ਼ਨ ਘਨੱਈਆ

ਮੈਂ ਹਾਂ ਸ਼ੂਰਦਾਸ ਤੇਰਾ ਮੇਰੇ ਕ੍ਰਿਸ਼ਨ ਘਨੱਈਆ।
ਛੇਤੀ ਕੰਢੇ ਆ ਕੇ ਲਾਓ ਮੰਝਧਾਰ ਫਸੀ ਨੱਈਆ।

ਮੈਂ ਹਾਂ ਮੀਰਾਂ ਦਾ ਸਰੂਪ, ਰੂਪ ਤੇਰਾ ਹੈ ਅਨੂਪ,
ਪੀਵਾਂ ਜ਼ਹਿਰ ਪਿਆਲਾ, ਮਿੱਠਾ ਬਹੁਤ ਲਗੱਈਆ।

ਮੈਂ ਹਾਂ ਬੁੱਲ੍ਹਾ ਸਦਾ ਭੁੱਲਾ, ਤੂੰ ਸ਼ਾਹ ਇਨਾਇਤ ਉੱਲਾ,
ਮੈਨੂੰ ਨੱਚਣ ਦਿਓ ਅਜ ਕਰ ਕੇ ਥੱਈਆ ਥੱਈਆ।

ਹਾਂ ਮੈਂ ਸੁਲਾਤਨ ਬਾਹੂ, ਲਾਹੇ ਸ਼ਰਮ ਦੇ ਆਹੂ,
ਗਲੇ ਲਾਓ ਆ ਕੇ ਛੇਤੀ, ਨਹੀਂ ਤੇ ਮਰ ਮੁੱਕ ਗੱਈਆ।

ਗੇੜ ਜਗ ਦੇ ਮੁਕਾ ਕੇ, ਢੱਠਾ ਦੁਆਰ ਤੇਰੇ ਆ ਕੇ,
ਤੇਰੀ ਸ਼ਰਨ ਪਿਆਰੇ, ਬੜੀ ਦੂਰ ਤੋਂ ਤਕੱਈਆ।

ਤੇਰੇ ਪਿਆਰ ਵਿਚ ਗੁੱਝਾ, ਤੇਰੀ ਭਾਲ ਵਿਚ ਰੁੱਝਾ,
ਭੁੱਲੀ ਸੁੱਧ ਬੁੱਧ ਕਿਉਂ ਹੈ, ਕੋਈ ਸਮਝ ਨ ਪੱਈਆ।

ਬਿਨਾ ਦੱਸ ਤੇਰੇ ਦੁਆਰੇ, ਜਾਵਾਂ ਹੋਰ ਕਿੱਥੇ ਪਿਆਰੇ,
ਧੰਨ ਤੂੰ ਹੈਂ ਮੇਰੀ ਔਖੇ ਵੇਲੇ ਸਾਰ ਆਕੇ ਲੱਈਆ।

ਅਜ ਮੈਂ ਫੜੀ ਤੇਰੀ ਲੀਹ, ਮੈਨੂੰ ਲੋਕਾਂ ਨਾਲ ਕੀਹ,
ਐਵੇਂ ਮੇਰੇ ਪਿਛੇ ਲੋਕੀ ਕਰੀ ਜਾਣ ਧਈਆ ਧਈਆ।

ਆਖੇ ਅਮਰੀਕ ਅਜ, ਤੈਨੂੰ ਮਿਲਨ ਦੇ ਪੱਜ,
ਆਇਆਂ ਬੜੀ ਦੂਰੋਂ ਭੱਜ, ਬੜੀ ਤਕਲੀਫ ਸੱਹੀਆ।



Sri Satguru Jagjit Singh Ji Elibrary NamdhariElibrary@gmail.com

# ਕੋਈ ਥੋੜ ਨ ਰਹੀ

ਤੇਰੀ ਸਰਨ ਪਿਆਂ ਨੂੰ ਕੋਈ ਥੋੜ ਨ ਰਹੀ।
ਕਿਸੇ ਜੰਨਤ ਸਵਰਗ ਦੀ ਲੋੜ ਨ ਰਹੀ।

ਹੋਇਆ ਜਦੋਂ ਤੇਰੇ ਲਾਗੇ, ਸੁੱਤੇ ਭਾਗ ਮੇਰੇ ਜਾਗੇ,
ਗ਼ਮ ਫ਼ਿਕਰ ਤਿਆਗੇ, ਕੋਈ ਅਜੋੜ ਨ ਰਹੀ।

ਹੋਈ ਕਲਪ ਹੈ ਕਾਇਆ, ਰਹੀ ਦੁਖਾਂ ਦੀ ਨ ਛਾਇਆ,
ਪੁਨਰ ਜਨਮ ਹੈ ਪਾਇਆ, ਕੋਈ ਹੋੜ ਨ ਰਹੀ।

ਬੂੰਦ ਸਾਗਰ 'ਚ ਰਲੀ, ਰੱਬ ਕੀਤੀ ਵੇਖੋ ਭਲੀ,
ਹੋਕਾ ਦਿਆਂ ਗਲੀ ਗਲੀ, ਤੋੜ ਵਿਛੋੜ ਨ ਰਹੀ।

ਸੰਗ ਪਾਰਸ ਦੇ ਛੋਹਿਆਂ, ਮਾਨੋ ਪਾਰਸ ਹੀ ਹੋਇਆਂ,
ਬਾਹਰੋਂ ਅੰਦਰੋਂ ਮੈਂ ਸੋਹਿਆਂ, ਕਿਤੇ ਖੋੜ ਨ ਰਹੀ।

ਚੱਲੇ ਪਿਆਰ ਦੇ ਫੁਹਾਰੇ, ਤੇਰੇ ਚੋਜ ਨੇ ਨਿਆਰੇ,
ਤ੍ਰਿਪਤ ਹੋਇਆਂ ਮੇਰੇ ਪਿਆਰੇ, ਕੋਈ ਔੜ ਨ ਰਹੀ।

ਲਾਇਆ ਚਰਨਾਂ ਦੇ ਨਾਲ ਹੋਇਆਂ ਪੂਰਾ ਮਾਲੋ ਮਾਲ,
ਕੀਤਾ ਨਦਰ ਨਿਹਾਲ, ਉੱਕਾ ਸੌੜ ਨ ਰਹੀ।

ਧੌਣ ਏਸ ਦਰ ਝੁੱਕੀ, ਸਾਰੀ ਚਿੰਤਾ ਹੀ ਮੁੱਕੀ,
ਕਲਿਆਨ ਹੋਈ ਉੱਕੀ, ਭੱਜ ਦੌੜ ਨ ਰਹੀ।

ਕਹਿੰਦੈ ਸਚ 'ਅਮਰੀਕ' ਗੱਲ ਸੋਲਾਂ ਆਨੇ ਠੀਕ,
ਕੀਤਾ ਮਨ ਨੂੰ ਬਾਰੀਕ, ਰੋੜੀ ਰੋੜ ਨ ਰਹੀ।



Sri Satguru Jagjit Singh Ji Elibrary NamdhariElibrary@gmail.com

# ਕਸਮ ਹੈ, ਬਹੁਤ ਰੋਇਆ ਹਾਂ

ਮੈਂ ਕਰਕੇ ਯਾਦ ਕਰਤੂਤਾਂ, ਕਸਮ ਹੈ, ਬਹੁਤ ਰੋਇਆ ਹਾਂ।
ਜਦੋਂ ਉਸ ਲੈ ਲਿਆ ਬਾਹਾਂ 'ਚ ਠੰਢਾ ਸੀਤ ਹੋਇਆ ਹਾਂ।

ਭਟਕਿਆ ਹਾਂ ਮੈਂ ਉਸਦੀ ਭਾਲ ਵਿਚ ਅਜ ਤਕ ਕਈ ਜੂਨਾਂ,
ਕਈ ਵੇਰਾਂ ਜਨਮਿਆ ਹਾਂ ਬੜੀ ਹੀ ਵਾਰ ਮੋਇਆ ਹਾਂ।

ਜ਼ਮਾਨੇ ਭਰ ਦੀਆਂ ਊਜਾਂ ਮੇਰੇ ਤੇ ਲਗਦੀਆਂ ਰਹੀਆਂ,
ਕਿ ਉਜਲਾ ਹੋ ਗਿਆਂ ਜਦ ਦਾ ਤੁਸਾਂ ਦੇ ਨਾਲ ਛੋਹਿਆ ਹਾਂ।

ਮੇਰੇ ਕੋਝਾਂ ਦੀ ਉਸ ਨੇ ਬਸ ਕਦੇ ਪਰਵਾਹ ਨਹੀਂ ਕੀਤੀ,
ਜ਼ਰਾ ਮੇਰੀ ਤਰਫ਼ ਦੇਖੋ ਮੈਂ ਕਿਤਨਾ ਸਜਿਆ ਸੋਹਿਆ ਹਾਂ।

ਕਦੀ ਉਹ ਵਕਤ ਸੀ ਮੁਕਤੀ ਲਈ ਭਜਦਾ ਰਿਹਾਂ ਦਰ ਦਰ,
ਮੈਂ ਅਜ ਮੁਕਤੀ ਦੇ ਦਾਤੇ ਵਿਚ ਗਇਆ ਬਿਲਕੁਲ ਸਮੋਇਆ ਹਾਂ।

ਗੁਲਾਬਾਸ਼ੀ ਦੇ ਫੁਲ ਵਾਂਗੂੰ ਸੁਹੱਪਣ ਸੀ ਨ ਖੁਸ਼ਬੋਆਂ,
ਇਹ ਕ੍ਰਿਸ਼ਮਾ ਹੈ ਕਿ ਕਲੀਆਂ ਨਾਲ ਹਾਰਾਂ ਵਿਚ ਪਰੋਇਆ ਹਾਂ।

ਮੇਰੇ ਅੰਦਰ ਤੇ ਬਾਹਰ ਗਲ ਚੁਕਾ ਕੂੜ ਤੇ ਕਰਕਟ ਸੀ,
ਤੇਰੇ ਜਾਦੂ-ਅਸਰ ਹਥੀਂ ਗਿਆ ਮਲ ਮਲ ਕੇ ਧੋਇਆ ਹਾਂ।

ਮੈਂ ਅਪਣੀ ਘਾਲ ਵੇਖਾਂ ਜਾਂ ਤੇਰੇ ਅਹਿਸਾਨ ਪੜਚੋਲਾਂ,
ਇਹ ਰਾਈ ਨੇ, ਉਹ ਪਰਬਤ ਹੈ, ਮੈਂ ਤਕ ਸ਼ਰਮਾਂ 'ਚ ਖੋਇਆ ਹਾਂ।

ਉਹ ਧੰਨ ਵੇਲਾ ਸੀ ਉਸਦੇ ਨਾਲ ਅਖੀਆਂ ਚਾਰ ਜਾਂ ਹੋਈਆਂ,
ਮੈਂ ਪਹਿਲੀ ਨਜ਼ਰੇ ਹੀ ਲੇਕੇ ਗਿਆ ਠੱਗਿਆ ਤੇ ਮੋਹਿਆ ਹਾਂ।

ਮੈਂ ਪਾਗਲ ਹਾਂ ਜੋ ਉਸ ਦੇ ਨਾਲ ਤੁਲਨਾਂ ਆਪਣੀ ਕਰਦਾ ਹਾਂ,
ਉਹ ਸਾਗਰ ਹੈ ਅਥਾਹ ਅਮਰੀਕ ਬਿਨ ਪਾਣੀ ਦੇ ਟੋਇਆ ਹਾਂ।



Sri Satguru Jagjit Singh Ji Elibrary NamdhariElibrary@gmail.com

# ਧੰਨਵਾਦ ਤੇਰਾ

ਧੰਨਵਾਦ ਤੇਰਾ ਮੇਰੇ ਜੀਵਨ ਵਿਚ ਤੂੰ ਮਸਤੀ ਦਾ ਰੰਗ ਭਰਿਆ ਏ।
ਤਪਿਆ ਤਨ ਸੀ ਤੰਦੂਰ ਜਿਹਾ· ਅਤਿ ਸੀਤਲ ਹੋਇਆ ਠਰਿਆ ਏ।

ਮੇਰੇ ਮਨ ਦੀ ਕਾਲਖ ਜਨਮਾਂ ਦੀ, ਮਲ ਮਲ ਕੇ ਐਸੀ ਲਾਹੀ ਏ,
ਗਲੀਆਂ ਵਿਚ ਰੁਲਦੇ ਕੱਖ ਵਰਗੇ ਨੂੰ ਬਖਸ਼ੀ ਸ਼ਾਨ ਇਲਾਹੀ ਏ,
ਮਾਹੌਲ ਹੀ ਉੱਜਲਾ ਉੱਜਲਾ ਏ, ਮਨ ਡੁਬਦਾ ਡੁਬਦਾ ਤਰਿਆ ਏ।

ਪੱਤਝੜ ਵਿਚ ਫੇਰ ਬਹਾਰਾਂ ਨੇ ਹਰ ਪਾਸੇ ਡੇਰੇ ਲਾਏ ਨੇ,
ਸ਼ਾਖਾਂ ਨੇ ਲਗਰਾਂ ਛੱਡੀਆਂ ਨੇ, ਫੁੱਲ ਖਿੜਨ ਨੂੰ ਕਾਹਲੇ ਆਏ ਨੇ,
ਇਹ ਕਰਾਮਾਤ ਤੇਰੇ ਪਿਆਰ ਦੀ ਏ, ਤਰਿਆ ਜਿਸ ਦਰਸ਼ਨ ਕਰਿਆ ਏ।

ਜਿਸ ਨੂੰ ਤੂੰ ਸਹਾਰਾ ਬਖਸ਼ ਦਵੇਂ, ਉਹਨੂੰ ਲੋੜ ਨ ਹੋਰ ਸਹਾਰੇ ਦੀ,
ਨਜ਼ਰਾਂ ਸੰਗ ਵਿਗੜੀ ਸਵਾਰ ਦਵੇਂ ਮੇਰੇ ਜਹੇ ਕਰਮਾਂ ਮਾਰੇ ਦੀ,
ਉਹਨੂੰ ਹੋਰ ਕਿਸੇ ਦੀ ਪਰਵਾਹ ਨਹੀਂ, ਕਿਸੇ ਧਿਆਨ ਜੋ ਤੇਰਾ ਧਰਿਆ ਏ।

ਤੇਰੇ ਚਰਨਾਂ ਦੀ ਖ਼ਾਕ ਜੇ ਮਿਲ ਜਾਵੇ, ਮੈਨੂੰ ਹੀਰਿਆਂ ਪੰਨਿਆਂ ਦੀ ਲੋੜ ਨਹੀਂ,
ਮਨ-ਤ੍ਰਿਪਤੀ ਜੋ ਏਥੇ ਮਿਲਦੀ ਏ, ਉਸ ਤ੍ਰਿਪਤੀ ਦਾ ਕੋਈ ਜੋੜ ਨਹੀਂ,
ਉਹ ਜਿੱਤ ਲੈਂਦਾ ਏ ਦੁਨੀਆਂ ਨੂੰ ਮਨ ਇਸ ਦਰ ਜਿਸ ਨੇ ਹਰਿਆ ਏ।

ਕੀਕਰ ਤੂੰ ਹਰਦੈਂ ਦੁਖ ਮੇਰੇ, ਮੇਰੀ ਜੀਭ ਨਹੀਂ ਕੁਝ ਕਹਿ ਸਕਦੀ,
ਨਿਰਮਾਣ ਹੋ ਚਰਨ ਜੋ ਪਰਸ ਲਵੇ, ਕੋਈ ਕਸਰ ਨ ਬਾਕੀ ਰਹਿ ਸਕਦੀ,
ਬਾਂਹ ਕਢ ਕੇ ਕੋਈ ਨਹੀਂ ਕਹਿ ਸਕਦਾ, ਲੜ ਲਗ ਕੇ ਦੁਖ ਜਿਸ ਜਰਿਆ ਏ।

ਜਿਸ ਪਾਸੇ ਤੂੰ ਕਦਮ ਵਧਾਉਂਦਾ ਹੈ, ਤੁਰ ਪੈਣ ਮਗਰ ਹੀ ਰਿੱਧ ਸਿੱਧੀਆਂ,
ਕੰਡ ਜਿਸ ਦੀ ਤੇ ਹੱਥ ਤੂੰ ਫੇਰ ਦਵੇਂ, ਓਥੇ ਛਮ ਛਮ ਬਰਸਨ ਸਮਰਿੱਧੀਆਂ,
ਕਟ ਜਾਣ ਕਲੇਸ਼ ਹਮੇਸ਼ ਲਈ, ਕਿਸੇ ਸੰਕਟੋਂ ਉਹ ਨ ਡਰਿਆ ਏ।



Sri Satguru Jagjit Singh Ji Elibrary NamdhariElibrary@gmail.com

# ਕਾਇਆ ਪਲਟ ਗਈ ਏ

ਮਿਲਿਆ ਹਾਂ ਜਦ ਦਾ ਤੈਨੂੰ, ਕਾਇਆ ਪਲਟ ਗਈ ਏ।
ਦੁਨੀਆਂ ਦੀ ਹਰ ਖ਼ੁਸ਼ੀ ਅਜ ਅੰਦਰ ਸਿਮਟ ਗਈ ਏ।

ਹਰ ਆਸ ਹੋਈ ਪੂਰੀ, ਨ ਰਹੀ ਕੋਈ ਅਧੂਰੀ,
ਤਿਲ ਭਰ ਨਾ ਦਿਸਦੀ ਦੂਰੀ, ਭਟਕਣ ਹੀ ਮਿਟ ਗਈ ਏ।

ਤੇਰੀ ਸ਼ਰਨ ਜਦ ਦੀ ਪਾਈ, ਜੀਵਨ ਦੀ ਜਾਚ ਆਈ,
ਹੋਈ ਸਫਲ ਕਮਾਈ, ਮਨ ਮਤ ਸੁਲਟ ਗਈ ਏ।

ਨਹੀਂ ਸੀ ਕਦਰ ਮੈਂ ਜਾਣੀ, ਇਤਨਾ ਹੈਂ ਤੂੰ ਲਾਸਾਨੀ,
ਮੇਰੀ ਹਰ ਅਰਜ਼ ਪਛਾਣੀ, ਭਜ ਦੌੜ ਘਟ ਗਈ ਏ।

ਬਣਿਆ ਜਾਂ ਤੂੰ ਹਿਤੈਸ਼ੀ, ਤ੍ਰਿਪਤੀ ਮਿਲੀ ਹੈ ਐਸੀ,
ਤ੍ਰਿਸ਼ਨਾ ਮਿਟੀ ਹੈ ਕੈਸੀ, ਸਭ ਔੜ ਹਟ ਗਈ ਏ।

ਚਰਨਾਂ 'ਚ ਜਦ ਦਾ ਆਇਆ, ਹਟਿਆ ਗ਼ਮਾਂ ਦਾ ਸਾਇਆ,
ਕੰਚਨ ਭਈ ਹੈ ਕਾਇਆ, ਘਟ ਦੁਖ ਦੀ ਛਟ ਗਈ ਏ।

ਤੇਰਾ ਪਿਆਰ ਐਸਾ ਮਿਲਿਆ, ਕੰਵਲ ਹੈ ਦਿਲ ਦਾ ਖਿਲਿਆ,
ਨਫਰਤ ਪਹਾੜ ਹਿੱਲਿਆ, ਨੇਹ ਬਿਰਤ ਡਟ ਗਈ ਏ।

ਪਾਰਸ ਦੇ ਸੰਗ ਜਾਂ ਛੋਹਿਆ, ਮੇਰਾ ਸਫ਼ਲ ਜਨਮ ਹੋਇਆ,
ਵੇਖੋ ਹਾਂ ਕਿਤਨਾਂ ਸੋਹਿਆ, ਹਾਲਤ ਉਲਟ ਗਈ ਏ।

ਟੁਟਿਆ ਭਰਮ ਜਾਂ ਮਨ ਦਾ, ਲੱਥਾ ਹੈ ਖੋਟ ਤਨ ਦਾ,
ਬਣਿਆ ਹਾਂ ਵੰਨ ਸਵੰਨ ਦਾ, ਤੰਦ ਮੈਲ ਝੱਟ ਗਈ ਏ।

ਡੁਬਿਆ ਨੂੰ ਤਾਰਿਆ ਤੂੰ, ਤਪਿਆਂ ਨੂੰ ਠਾਰਿਆ ਤੂੰ,
ਡਿਗਿਆਂ ਖਲ੍ਹਾਰਿਆ ਤੂੰ, ਦੁਖ ਨਾੜ ਕਟ ਗਈ ਏ।



Sri Satguru Jagjit Singh Ji Elibrary NamdhariElibrary@gmail.com

# ਗੁਰ ਚਰਨੀ ਚਿੱਤ ਲਾਈਏ

ਚਲ ਮਨ ਗੁਰਚਰਨੀ ਚਿੱਤ ਲਾਈਏ।
ਅਤਿ ਉੱਤਮ ਦਰਬਾਰ ਸੁਣੀਂਦਾ, ਉਸ ਦਰ ਸੀਸ ਝੁਕਾਈਏ।
ਮੈਂ ਔਗਣ ਹਾਰਾ ਤੂੰ ਗੁਣਵੰਤਾ, ਕਵਨ ਕਵਨ, ਗੁਣ ਗਾਈਏ।
ਰੋਮ ਰੋਮ ਕਿਰਤੱਗ ਹੈ ਮੇਰਾ, ਕਿੰਜ ਅਹਿਸਾਨ ਚੁਕਾਈਏ।
ਤੂੰ ਦੀਪਕ ਮੈਂ ਨ੍ਹੇਰ ਕੋਠੜੀ, ਲਗ ਚਰਨੀ ਰੁਸ਼ਨਾਈਏ।
ਹੋਰ ਕੀ ਅਰਪਨ ਕਰ ਸਕਦੇ ਹਾਂ, ਤਨ ਮਨ ਭੇਟ ਚੜ੍ਹਾਈਏ।
ਰੂਪ ਅਠਾਸਠ ਤੀਰਥਾਂ ਦੇ ਹੋ, ਕਿਸ ਤੀਰਥ ਫਿਰ ਨ੍ਹਾਈਏ।
ਚਰਨ ਧੂੜ ਲਾ ਮਸਤਕ ਅਪਣਾ, ਕੰਚਨ ਜਿਓਂ ਲਿਸ਼ਕਾਈਏ।
ਤੂੰ ਪਰਬਤ ਮੈਂ ਰਾਈ ਜੇਡਾ, ਕਿਤਨਾ ਕੁ ਪਾਸੰਗ ਪਾਈਏ।
ਕਿਸ ਬਿਧ ਨਜ਼ਰ ਚੜ੍ਹਾਂ ਮੈਂ ਤੇਰੀ, ਕੈਸਾ ਢੰਗ ਅਪਨਾਈਏ।
ਮੈਂ ਫੁੱਲ ਹਾਂ ਤੂੰ ਮਹਿਕ ਹੈਂ ਮੇਰੀ, ਅਜ ਮਾਹੌਲ ਮਹਿਕਾਈਏ।
ਤੂੰ ਸਾਗਰ ਮੈਂ ਮਛਲੀ ਜੇਹਾ, ਬਿਨ ਜਲ ਮਰ ਮੁੱਕ ਜਾਈਏ।
ਤੂੰ ਪਾਰਸ ਛੋਹ ਜਾਵੇਂ ਜਿਸਨੂੰ, ਪਾਰਸ ਹੀ ਅਖਵਾਈਏ।
ਇਹ ਸੰਸਾਰ ਹੈ ਕੰਡਿਆਂ ਭਰਿਆ, ਦਾਮਨ ਕਿਵੇਂ ਬਚਾਈਏ।
ਦੀਸਿਓ ਅਜ 'ਅਮਰੀਕ' ਨੂੰ ਜਾਕੇ, ਭੁੱਲ ਚੁੱਕ ਕਿੰਜ ਬਖਸ਼ਾਈਏ।



Sri Satguru Jagjit Singh Ji Elibrary NamdhariElibrary@gmail.com

# ਆਓ ਅਜ ਓਥੇ ਚੱਲੀਏ

ਜਿੱਥੇ ਰਹਿਮਤ ਹਰਦਮ ਵੱਸਦੀ ਆਓ ਅਜ ਓਥੇ ਚੱਲੀਏ।
ਬਿਨ ਮੰਗਿਆਂ ਸਭ ਕੁਝ ਮਿਲਦਾ ਚੱਲੋ ਉਹ ਬੂਹਾ ਮੱਲੀਏ।

ਓਥੇ ਸੁਖ ਮਿਲਦੇ ਦੁਖ ਨੱਸਦੇ, ਕੋਈ ਰੋਂਦਾ ਨਹੀਂ ਸਭ ਹੱਸਦੇ,
ਸਭ ਸੁਖੀ ਨੇ ਜਿਥੇ ਵੱਸਦੇ, ਆਓ ਅਜ ਓਥੇ ਚੱਲੀਏ।

ਥਿੜਕੇ ਮਨ ਓਥੇ ਟਿਕਦੇ, ਉਹ ਕਦੇ ਨ ਫੇਰ ਥਿੜਕਦੇ,
ਪਰਬਤ ਜਿਓਂ ਨਹੀਂ ਸਿਰਕਦੇ, ਆਓ ਅਜ ਓਥੇ ਚੱਲੀਏ।

ਹੈ ਅਸਲੀ ਸੰਕਟ ਮੋਚਨ, ਜਿੰਨ੍ਹੂੰ ਸਭੀ ਦੇਵਤੇ ਲੋਚਨ,
ਓਥੇ ਸਦਾ ਹੀ ਰਹਿਣਾ ਲੋਚਨ, ਆਓ ਅਜ ਓਥੇ ਚੱਲੀਏ।

ਓਥੇ ਮਿਲੇ ਸਦੀਵੀ ਜੀਵਨ, ਮਨ ਮੈਲੇ ਨਿਰਮਲ ਥੀਵਨ,
ਹਰ ਇਕ ਨੂੰ ਮੁਕਤੀਆਂ ਢੀਵਨ, ਆਓ ਅਜ ਓਥੇ ਚੱਲੀਏ।

ਜਨਮਾਂ ਦੀਆਂ ਮੁੱਕਣ ਭੁੱਖਾਂ, ਓਥੇ ਸਭ ਦੀਆਂ ਮੰਗਣ-ਸੁੱਖਾਂ,
ਛਾਂ ਦੇਵਨ ਵਾਂਗੂ ਰੁੱਖਾਂ, ਆਓ ਅਜ ਓਥੇ ਚੱਲੀਏ।

ਓਥੇ ਪਿਆਰ ਦੀ ਵਗਦੀ ਧਾਰਾ, ਮਿਲਦਾ ਏ ਪ੍ਰੀਤ ਸਹਾਰਾ,
ਚੱਲੇ ਨਫਰਤ ਦਾ ਨਹੀ ਚਾਰਾ, ਆਓ ਅਜ ਓਥੇ ਚੱਲੀਏ।

'ਅਮਰੀਕ' ਨੂੰ ਲੈ ਲੋ ਨਾਲੇ, ਜੋ ਗਿਆ ਨਹੀਂ ਓਥੇ ਹਾਲੇ,
ਰਹਿ ਜਾਏ ਨ ਵਿਚ ਵਿਚਾਲੇ, ਆਓ ਅਜ ਓਥੇ ਚੱਲੀਏ।



Sri Satguru Jagjit Singh Ji Elibrary NamdhariElibrary@gmail.com

# ਨਜ਼ਰ ਮਿਲਾਈ ਨਾ

ਕਿਹੜੀ ਗੱਲੇ ਅਜ ਤੁਸਾਂ ਨਜ਼ਰ ਮਿਲਾਈ ਨਾ।
ਨਜ਼ਰ ਮਿਲਾ ਕੇ ਲਾਹੀ ਮਨਾਂ ਦੀ ਸਿਆਹੀ ਨਾ।

ਸਮਝ ਨਾ ਆਈ ਕਾਹਨੂੰ ਸਾਡੇ ਨਾਲ ਰੁੱਸ ਗਏ,
ਰੁੱਸ ਗਏ ਹੋ ਸਾਥੋਂ ਸੁਖ ਚੈਣ ਸਭ ਖੁੱਸ ਗਏ,
ਤਾਹੀਏਂ ਸਾਰੀ ਰਾਤ ਉੱਕਾ ਨੀਂਦ ਸਾਨੂੰ ਆਈ ਨਾ।

ਬੜੀ ਵੇਰ ਤਨ ਮਨ ਆਪਣਾ ਹੰਘਾਲਿਆ,
ਚੀਰ ਚੀਰ ਕਈ ਵੇਰ ਸੀਨਾਂ ਹੈ ਵਿਖਾਲਿਆ,
ਬਾਹਾਂ ਵਿਚ ਲੈ ਕੇ ਤੁਸਾਂ ਕਦੇ ਠੰਢ ਪਾਈ ਨਾ।

ਅਸੀਂ ਅਤਿ ਬੁਰੇ ਤੁਸੀਂ ਬਹੁਤ ਹੀ ਚੰਗੇ ਹੋ,
ਬਿਨਾਂ ਹੀ ਬੁਲਾਇਆਂ ਸਾਡੇ ਕੋਲੋਂ ਕਾਹਨੂੰ ਲੰਘੇ ਹੋ,
ਤਪ ਰਹੇ ਮਨਾਂ ਦੀ ਕਿਓਂ ਤਪਸ਼ ਮਿਟਾਈ ਨਾ।

ਸਾਡੀ ਗੁਸਤਾਖ਼ੀ ਤਾਈਂ ਉਕਾ ਚਿੱਤ ਲਾਓ ਨਾ,
ਔਗੁਣਾਂ ਨੂੰ ਗਿਣ ਸਾਨੂੰ ਦੇਂਦਾ ਹੀ ਭੁਲਾਓ ਨਾ,
ਵਧਦੀ ਹੀ ਜਾਏ ਕਿਤੇ ਮਨਾਂ ਦੀ ਇਹ ਖਾਈ ਨਾ।

ਐਸਾ ਹੀ ਰਵੱਈਆ ਤੁਸੀਂ ਸਾਡੇ ਨਾਲ ਰਖੋਗੇ,
ਬਿਨਾਂ ਆਈਓਂ ਮਰੇ ਇਕ ਦਿਨ ਸਾਨੂੰ ਤਕੋਗੇ,
ਕਿਸੇ ਥਾਂ ਵੀ ਹੋਣੀ ਸਾਡੀ ਉਕਾ ਹੀ ਰਸਾਈ ਨਾ।

ਬੜੀ ਦੂਰੋਂ ਆਏ ਖ਼ਾਲੀ ਅਜ ਨਹੀਂ ਮੋੜਨਾ,
ਟੁੱਟੇ ਹੋਏ ਦਿਲ ਦਿਆਂ ਟੋਟਿਆਂ ਨੂੰ ਜੋੜਨਾ,
ਬੀਤੇ 'ਅਮਰੀਕ' ਦੀ ਇਹ ਉਮਰ ਅੰਞਾਈ ਨਾ।



Sri Satguru Jagjit Singh Ji Elibrary NamdhariElibrary@gmail.com

# ਮਨ ਕਿਤੇ ਵੀ ਪਤੀਜਦਾ ਨਹੀਂ

ਬਿਨਾ ਉਹਦੇ ਮਨ ਕਿਤੇ ਵੀ ਪਤੀਜਦਾ ਨਹੀਂ।
ਸੋਨਾ ਛਡ ਕੇ ਮੁਲੱਮਿਆਂ ਤੇ ਰੀਝਦਾ ਨਹੀਂ।

ਰੇਤ ਟਿੱਬਿਆਂ 'ਚ ਕਾਹਨੂੰ ਆਪਾ ਰੋਲਦਾ ਫਿਰਾਂ,
ਟੋਇਆਂ ਗੰਦਿਆਂ ਦਾ ਚਿੱਕੜ ਕਾਹਨੂੰ ਫਰੋਲਦਾ ਫਿਰਾਂ,
ਬਿਨਾਂ ਸਾਗਰਾਂ ਦੇ ਸੁੱਚਾ ਮੋਤੀ ਥੀਜਦਾ ਨਹੀਂ।

ਉਹਦੇ ਨਾਲ ਕਿਦ੍ਹੀ ਤੁੱਲਨਾਂ ਮੈ ਦਿਆਂ ਦੱਸੋ ਲੋਕੋ,
ਮੈਨੂੰ ਸੱਜਣਾਂ ਦੇ ਕੋਲ ਜਾਣੋ ਅਜ ਨਹੀਂ ਰੋਕੋ,
ਉਹਦੇ ਜੇਹਾ ਕੋਈ ਹੋਰ ਚੰਨ ਤੀਜ ਦਾ ਨਹੀਂ।

ਕਾਹਨੂੰ ਪੱਥਰਾਂ ਦੇ ਮੂਹਰੇ ਮੱਥਾ ਆਪਣਾਂ ਘਸਾਵਾਂ,
ਸੰਗਦਿਲਾਂ ਅੱਗੇ ਹੰਝੂ ਨਿੱਤ ਨਿੱਤ ਕਿਉਂ ਵਹਾਵਾਂ,
ਕੋਈ ਉਹਦੇ ਬਿਨਾਂ ਮੇਰੇ ਤੇ ਪਸੀਜਦਾ ਨਹੀਂ।

ਮੈਨੂੰ ਦਿਓ ਵਰਦਾਨ ਝੂਠੀ ਮੰਗ ਨਾ ਮੈਂ ਮੰਗਾਂ,
ਉਹਦੇ ਸੋਹਣੇ ਰੰਗ ਵਿਚ ਸਾਰਾ ਤਨ ਮਨ ਰੰਗਾਂ,
ਐਸਾ ਮਨ ਕਿਸੇ ਹੋਰ ਥਾਂ ਰੰਗੀਜਦਾ ਨਹੀਂ।

ਹੈ ਗੀ ਕਥਨ ਤੋਂ ਬਾਹਰੀ ਉਹਦੀ ਸਿਫਤ ਸਲਾਹ,
ਡੋਲ ਰਹੀ ਦੇਸ ਬੇੜੀ ਦਾ ਹੈ ਉਹੀ ਤਾਂ ਮਲਾਹ,
ਜਿੰਨ੍ਹੂੰ ਲੱਭ ਪੈਂਦਾ ਆਪ ਉਹ ਗਵੀਚਦਾ ਨਹੀਂ।

ਰੱਬ ਉਹਦੇ ਬਿਨਾ ਹੋਰ ਕੋਈ ਨਜ਼ਰ ਨ ਆਵੇ,
ਜਿਹੜਾ ਪਲਾਂ ਵਿਚ ਦੁੱਖ ਮੇਰੇ ਆਣ ਕੇ ਮਿਟਾਵੇ,
ਕਿਤੇ ਹੋਰ ਥਾਂ ਅਕੀਦਾ ਇਹ ਰਖਚੀਦਾ ਨਹੀਂ।

ਸੋਨਾਂ ਛਡ ਕੇ ਮੁਲੱਮਿਆਂ ਤੇ ਰੀਝਦਾ ਨਹੀਂ,
ਬਿਨਾਂ ਉਹਦੇ ਮਨ ਕਿਤੇ ਵੀ ਪਤੀਜਦਾ ਨਹੀਂ।



Sri Satguru Jagjit Singh Ji Elibrary NamdhariElibrary@gmail.com

# ਮਨ ਮੰਦਰ ਵਿਚ ਆਓ

ਪ੍ਰੀਤਮ ! ਮਨ-ਮੰਦਰ ਵਿਚ ਆਓ!
ਜਨਮ ਜਨਮ ਦੀ ਮੈਲ ਮਨਾਂ ਦੀ ਹੋ ਕਿਰਪਾਲ ਬੁਝਾਓ।
ਹਲਤ ਪਲਤ ਮੇਰਾ ਆਪ ਸਵਾਰੋ, ਆਧ ਬਿਆਧ ਮਿਟਾਓ।
ਮੰਝਧਾਰੀਂ ਹੈ ਜੀਵਨ ਨਈਆ, ਜਲਦੀ ਪਾਰ ਲਗਾਓ।
ਕਰਾਂ ਜੋਦੜੀ ਦਰ ਤੇਰੇ ਤੇ, ਦੂਜਾ ਦਰ ਨ ਦਿਖਾਓ।
ਮੇਰੇ ਹੋ ਸਦਾ ਮੇਰੇ ਹੀ ਰਹਿਣਾ, ਬੱਸ ਮੇਰੇ ਕਹਿਲਾਓ।
ਚਾਰ ਚੁਫੇਰ ਹਨੇਰ ਪਸਰਿਆ, ਤਨ ਮਨ ਅਜ ਰੁਸ਼ਨਾਓ।
ਜੱਗ ਤੋਂ ਮਨ 'ਅਮਰੀਕ' ਦਾ ਔਖਿਆ, ਦੇ ਦਰਸ਼ਨ ਬਹਿਲਾਓ।
ਪ੍ਰੀਤਮ ! ਮਨ ਮੰਦਰ ਵਿਚ ਆਓ।



Sri Satguru Jagjit Singh Ji Elibrary NamdhariElibrary@gmail.com

# ਅੰਤਰ ਹਿਰਦੇ ਆਵੋ ਜੀ

ਸਾਡੇ ਅੰਤਰ ਹਿਰਦੇ ਆਵੋ ਜੀ।
ਕੋਈ ਜੀਵਨ ਜਾਚ ਸਿਖਾਵੋ ਜੀ।

ਮਸਤੀ ਵਿਚ ਝੂਮਣ-ਨੱਚਣ ਦਾ,
ਸਾਨੂੰ ਵੀ ਢੰਗ ਸਮਝਾਵੋ ਜੀ।

ਅਸੀਂ ਔਝੜ ਵਿਚ ਪੈ ਫਿਰਦੇ . ਹਾਂ,
ਕਿਸੇ ਸਿੱਧੇ ਰਸਤੇ ਪਾਵੋ ਜੀ।

ਕੀਹ ਚੰਗਾ ਹੈ ਕੀਹ ਮੰਦਾ ਹੈ,
ਸਮਝਣ ਦੀ ਵਿਧੀ ਸੁਝਾਵੋ ਜੀ।

ਹਾਂ ਮਹਿਕ ਵਿਹੂਣੇ ਫੁੱਲ ਅਸੀ,
ਤਨ ਮਨ ਵਿਚ ਮਹਿਕ ਰਚਾਵੋ ' ਜੀ।

ਵਰਖਾ ਬਿਨ ਰੇਗਿਸਤਾਨ ਬਣੀ,
ਮਨ ਧਰਤੀ ਤੇ ਵੱਸ ਜਾਵੋ ਜੀ।

ਸਾਡੇ ਚਾਰ ਚੁਫੇਰ ਹਨੇਰਾ ਏ,
ਬਣ ਸੂਰਜ ਨ੍ਹੇਰ ਮਿਟਾਵੋ ਜੀ।

ਜੀਵਨ ਹੈ ਪਰਾਗਾ ਪੀੜਾਂ ਦਾ,
ਹਰ ਪੀੜ ਨੂੰ ਪਰ੍ਹਾਂ ਹਟਾਵੋ ਜੀ।

'ਅਮਰੀਕ' ਜਿਹਾਂ ਦੇ ਕੋਝਾਂ ਤੇ,
ਸੁਹਜਾਂ ਦੀ ਛਾਪ ਲਗਾਵੋ ਜੀ।



Sri Satguru Jagjit Singh Ji Elibrary NamdhariElibrary@gmail.com

# ਅਜੇ ਮੇਰਾ ਮਨ ਭਰਿਆ ਨਾ

ਸੱਜਣਾਂ ਕੁਝ ਪਲ ਹੋਰ ਠਹਿਰ ਜਾ ਅਜੇ ਮੇਰਾ ਮਨ ਭਰਿਆ ਨਾ।
ਹਿਜਰ ਤੇਰੇ ਵਿਚ ਸੜਦਾ ਸੀਨਾ ਅਜੇ ਤਾਂ ਪੂਰਾ ਠਰਿਆ ਨਾ।

ਮਨ ਦੀਆਂ ਗੱਲਾਂ ਅਜੇ ਨ ਮੁੱਕੀਆਂ ਹੁਣੇ ਤੁਸੀ ਤੁਰ ਚੱਲੇ ਹੋ,
ਇਤਨੀ ਜਲਦੀ ਤੁਰਦਿਆਂ ਤੱਕ ਅਸੀਂ ਰਹਿ ਗਏ ਝੱਲ ਵਲੱਲੇ ਹੋ,
ਕਦੋਂ ਮਿਲੋ ਗੇ ਫੇਰ ਅਸਾਨੂੰ ਇਹ ਵਹਿਦਾ ਵੀ ਕਰਿਆ ਨਾ।

ਚਿਰ ਦੀ ਔੜ ਤੇ ਇਕ ਦੋ ਕਣੀਆਂ ਕੀਹ ਸਾਡਾ ਦੱਸ ਕਰਨਗੀਆਂ,
ਹੋਰ ਵਧੇਗੀ ਪਿਆਸ ਅਸਾਡੀ ਕੀਕਰ ਬੁਲ੍ਹੀਆਂ ਠਰਨਗੀਆਂ,
ਮਰ ਜਾਵਾਂ ਗੇ ਪਿਆਰ ਵਿਹੂਣੇ ਜੇ ਸੀਨੇ ਹੱਥ ਧਰਿਆ ਨਾ।

ਪਲਕਾਂ ਦੇ ਪਰਨਾਲੇ ਸਾਡੇ ਅਜੇ ਸੋਖਤਾ ਹੋਏ ਨਾ,
ਦਾਗ਼ ਹਿਜਰ ਦੇ ਵਸਲ ਦਾ ਸਾਬਣ ਮਲ ਮਲ ਅਜੇ ਤਾਂ ਧੋਏ ਨਾ,
'ਕੋਲ ਤੁਸਾਂ ਦੇ ਬੈਠ ਕੇ ਰੀਝਾਂ ਦੇ ਦਾਮਨ ਨੂੰ ਭਰਿਆ ਨਾ।

ਦੇਸ ਵਾਰ ਬਿਨ ਸੱਜਣ ਸਾਵਨ, ਭੱਠ ਵਾਂਗਰਾਂ ਤਪਿਆ ਸੀ,
ਇਕ ਬੂੰਦ ਨਾ ਬਰਸੀ ਅਰਜ਼ਾਂ ਕਰ ਅਮਰੀਕ ਵੀ ਖਪਿਆ ਸੀ,
ਨਾ ਕਿਣ-ਮਿਣ ਨਾ ਰੁਣ-ਝੁਣ ਹੋਈ, ਘਨਹਰਿ ਕਿਧਰੇ ਵਰ੍ਹਿਆ ਨਾ।

ਸੱਜਣਾਂ ਕੁਝ ਪਲ ਹੋਰ ਠਹਿਰ ਜਾ ਅਜੇ ਮੇਰਾ ਮਨ ਭਰਿਆ ਨਾ।
ਹਿਜਰ ਤੇਰੇ ਵਿਚ ਸੜਦਾ ਸੀਨਾ ਅਜੇ ਤਾਂ ਪੂਰਾ ਠਰਿਆ ਨਾ।



Sri Satguru Jagjit Singh Ji Elibrary NamdhariElibrary@gmail.com

# ਮੈਂ ਹਾਂ ਨਾਮਧਾਰੀ

ਹੈ ਦੁਨੀਆਂ ਤੋਂ ਮੇਰੀ ਕਹਾਣੀ ਨਿਆਰੀ,
ਮੈਂ ਹਾਂ ਨਾਮਧਾਰੀ, ਮੈਂ ਹਾਂ ਨਾਮਧਾਰੀ।

ਪਿਛੋਕੜ ਮੇਰੇ ਵਲ ਜ਼ਰਾ ਝਾਤ ਮਾਰੋ,
ਸੁਨਹਿਰੀ ਤਵਾਰੀਖ ਮੇਰੀ ਨਿਹਾਰੋ,
ਲਹੂ ਨਾਲ ਅਪਣਾ ਮੈਂ ਇਤਿਹਾਸ ਲਿਖਿਆ,
ਸੰਘਰਸ਼ਾਂ 'ਚ ਮੈਂ ਸ਼ਕਲ ਅਪਣੀ ਸਵਾਰੀ।

ਜਦੋਂ ਖਾਲਸੇ ਅਪਣੇ ਕਰਤਵ ਤਿਆਗੇ,
ਤਦੋਂ ਕੌਮ ਤੇ ਵਕਤ ਆਏ ਅਭਾਗੇ,
ਸ੍ਰੀ ਭੈਣੀ ਸਾਹਿਬ ਦੇ ਵਿਚ ਪ੍ਰਗਟ ਹੋ ਕੇ,
ਗੁਰੂ ਰਾਮ ਸਿੰਘ ਮੇਰੀ ਹਾਲਤ ਸੁਧਾਰੀ।

ਬੜੇ ਲੋਕ ਸਨ ਪਰ ਮਿਲੇ ਸਿਖ ਢਾਈ,
ਨਵੀਂ ਸਿੱਖੀ ਸਾਜਨ ਲਈ ਜਿਨ੍ਹਾਂ ਜਾਗ ਲਾਈ,
ਤੇ ਮਰਯਾਦਾ ਦਸਵੇਂ ਗੁਰਾਂ ਦੀ ਮੰਗਾਈ,
ਨਵੇਂ ਸਿਰਿਓਂ ਫਿਰ ਸਿਖੀ ਸਾਜੀ ਸ਼ਿੰਗਾਰੀ।

ਕਿਹਾ ਸਾਦਾ ਪਹਿਨੋ ਤੇ ਸ਼ੁਧ ਅੰਨ ਖਾਓ,
ਕਬਰ ਅਪਣਾ ਢਿੱਡ ਨਾ ਜੀਆਂ ਦੀ ਬਣਾਓ,
ਪੀਓ ਨ ਸ਼ਰਾਬਾਂ ਨ ਮਤ ਹੀਣ ਹੋਵੇ,
ਬੜੀ ਹੋ ਚੁਕੀ ਹੁਣ ਤੇ ਖੱਜਲ ਖੁਆਰੀ।

ਕਿਹਾ, 'ਵਤਨ ਖਾਤਰ ਮਰੋ ਜੇ ਹੈ ਜੀਣਾ
ਗੁਲਾਮੀ ਦਾ ਜੀਣਾ ਵੀ ਹੈ ਕੋਈ ਜੀਣਾ,
ਬਣੋ ਮਰਦ ਖੱਫਣ ਸਿਰਾਂ ਤੇ ਵਲ੍ਹੇਟੋ,
ਵਰੋ ਮੌਤ ਜੋ ਹੈ ਅਜੇ ਤਕ ਕੁਆਰੀ।

ਵਤਨ ਵਾਸਤੇ ਗੋਲੇ ਸੀਨੇ ਤੇ ਝੱਲੋ,
ਚੜ੍ਹਣ ਵਾਸਤੇ ਫਾਂਸੀ ਤਖ਼ਤੇ ਤੇ ਚੱਲੋ,"



Sri Satguru Jagjit Singh Ji Elibrary NamdhariElibrary@gmail.com

"ਲਵੇ ਜੋੜ ਢੀਮਾਂ ਕਰੇ ਕੱਦ ਪੂਰੇ,
ਹਿਲਾਓ ਜ਼ੁਲਮ ਦਾੜ੍ਹੀ ਸਾਰੀ ਦੀ ਸਾਰੀ।

"ਉਠੇ ਰੱਕੜਾਂ ਨੂੰ ਲਹੂ ਨਾਲ ਸਿੰਜੇ,
ਵਤਨ-ਦੁਸ਼ਮਣਾਂ ਨੂੰ ਰੂਈ ਵਾਂਗ ਪਿੰਜੇ,
ਕਰੇ ਜਾ ਕੇ ਇਕਬਾਲ ਮੌਤੋਂ ਡਰੇ ਨਾ,
ਕੋਈ ਹੋਰ ਲੈ ਜਾਏ ਨਾ ਬੇਹਲ ਭਾਰੀ।

"ਮੈਂ ਪਰਦੇਸ ਜਾਵਾਂ ਗਾ ਇਸ ਦੇਸ ਖਾਤਰ,
ਸਭੀ ਸੁਖ ਤਿਆਗਾਂ ਗਾ ਸੁਖ ਏਸ ਖ਼ਾਤਰ,
ਅਵੱਸ਼ ਏਸ ਦੇਹੀ 'ਚ ਆਵਾਂਗਾ ਮੁੜ ਕੇ,
ਰਹੇ ਸਫ਼ਰ ਵਰ੍ਹਿਆਂ ਦਾ ਕਿੰਨਾ ਹੀ ਜਾਰੀ।"

ਗੁਰੂ ਹਰੀ ਸਿੰਘ ਕੀਤਾ ਫਿਰ ਮੈਨੂੰ ਹਰਿਆਂ,
ਮੈਂ ਸੁੱਕ ਚਲਿਆ ਸਾਂ ਵਿਛੋੜੇ ਦੇ ਜਰਿਆਂ,
ਦਿਲਾਸਾ ਦੇ ਦੁਖੀਆਂ ਨੂੰ ਧੀਰਜ ਬੰਧਾ ਕੇ,
ਵਿਛੋੜੇ ਦੀ ਅੱਗ ਮੇਰੇ ਸੀਨੇ ਦੀ ਠਾਰੀ।

ਮਹਾ ਨੂਰ ਬਣ ਵਡੇ ਪਰਤਾਪ ਵਾਲੇ,
ਕਰੇ ਸਾਰੀ ਸਰਿਸ਼ਟੀ ਦੇ ਸੰਕਟ ਸੁਖਾਲੇ,
ਗਿਣੇ ਜਾਣ ਨਾ ਉਹਨਾਂ ਕ੍ਰਿਸ਼ਮੇ ਜੋ ਕੀਤੇ,
ਭਰੀ ਝੋਲ ਖਾਲੀ ਬੜੇ ਸਾਂ ਆਭਾਰੀ।

ਮੇਰੇ ਸਿਰ ਤੇ ਅਜ ਹੈ ਜੋ ਸੰਘਣੀ ਇਹ ਛਾਇਆ,
ਇਹ 'ਜਗਜੀਤ' ਗੁਰ ਹੈ ਅਕੱਥ ਜਿਸ ਦੀ ਮਾਇਆ,
ਉਹ ਹਰ ਦਿਲ ਤੇ ਮੋਹਰ ਅਪਣੇ ਪਿਆਰਾਂ ਦੀ ਲਾਂਦੈ,
ਮੈਂ ਸੌ ਵਾਰ ਉਸ ਤੋਂ ਸਦੱਕੜੇ ਤੇ ਵਾਰੀ।

ਉਹ ਬੋਲੇ ਤਾਂ ਹੁੰਦੀ ਏ ਫੁੱਲਾਂ ਦੀ ਵਰਖਾ,
ਉਹ ਵੇਖੇ ਤਾਂ ਘੁੰਮਦਾ ਏ ਕਿਸਮਤ ਦਾ ਚਰਖਾ,
ਚਰਨ ਛੋਹ ਜੋ ਪਾਵੇ ਬਣੇ ਮਿਟੀਓਂ ਸੋਨਾ,
ਮੈਂ ਦੀਦਾਰ ਕਰ ਮੈਲ ਮਨ ਦੀ ਉਤਾਰੀ।



Sri Satguru Jagjit Singh Ji Elibrary NamdhariElibrary@gmail.com

ਮੈਂ ਲੈ ਆਸਰਾ ਇਸ ਦਾ ਜਿਸ ਥਾਂ ਵੀ ਜਾਵਾਂ,
ਕਰਾਂ ਸਖ਼ਤ ਮਿਹਨਤ ਤੇ ਭਰ ਪੇਟ ਖਾਵਾਂ,
ਹਰਿਕ ਦੇ ਵਿਹਾਰ 'ਚ ਸਫਲਤਾ ਬਖ਼ਸ਼ਦੈ,
ਹੈ ਖੇਤੀ ਬਿਉਪਾਰ ਜਾਂ ਦਸਤ-ਕਾਰੀ।

ਗੁਰੂ ਵਾਲਾ ਹਾਂ ਕੌਣ ਮੇਰਾ ਹੈ ਸਾਨੀ,
ਕਿਸੇ ਹੋਰ ਦਰ ਦੀ ਨਹੀਂ ਖ਼ਾਕ ਛਾਨੀ,
ਮੈਂ ਮੂੰਹ ਮੰਗੀਆਂ ਏਥੋਂ ਮੁਰਾਦਾਂ ਹਾਂ ਪਾਂਦਾ,
ਹੈ ਮਨ ਵਿਚ ਰਹਾਂ ਏਸ ਦਰ ਦਾ ਭਿਖਾਰੀ।

ਉਹ 'ਅਮਰੀਕ' ਵਰਗੇ ਨੂੰ ਵੀ ਸ਼ਰਨ ਲਾਂਦੈ,
ਕੋਈ ਵਸਤ ਵੀ ਨਾ ਕਿਸੇ ਤੋਂ ਛੁਪਾਂਦੈ,
ਇਹ ਬਖ਼ਸ਼ਸ਼ ਦਾ ਬੂਹਾ ਸਦਾ ਖੁੱਲ੍ਹਾ ਰਖਦੈ,
ਨਕਦ ਹਰ ਸ਼ੈ ਬਖ਼ਸ਼ੇ ਨਾ ਦੇਵੇ ਹੁਦਾਰੀ।



Sri Satguru Jagjit Singh Ji Elibrary NamdhariElibrary@gmail.com

# ਤੇਰੀ ਤਸਵੀਰ

ਤੇਰੀ ਤਸਵੀਰ ਮੇਰੀ ਨਜ਼ਰ ਵਿਚ ਐਸੀ ਸਮਾਈ ਏ।
ਜਿਵੇਂ ਕਿ ਅੱਖ ਦੀ ਪੁਤਲੀ ਵਿਚ ਭਰੀ ਕਾਲੀ ਸਿਆਹੀ ਏ।

ਜਿਵੇਂ ਨਾੜਾਂ ਦੇ ਵਿਚ ਖ਼ੂਨ ਹੈ ਤੇ ਉਸ ਖ਼ੂਨ ਵਿਚ ਲਾਲੀ,
ਤਿਵੇਂ ਰਹਿਮਤ ਤੇਰੀ ਮੈਨੂੰ ਇਹ ਰੰਗੀਨੀ ਵਿਖਾਈ ਏ।

ਜਿਵੇਂ ਸਾਰੀ ਬਨਸਪਤ ਵਿਚ ਰਚੀ ਏ ਹਰਸੂ ਹਰਿਆਲੀ,
ਮੇਰੇ ਹਰ ਰੋਮ ਵਿਚ ਮੇਰੇ ਖ਼ੁਦਾ ਤੇਰੀ ਖ਼ੁਦਾਈ ਏ।

ਜਿਵੇਂ ਬਰਸਾਤ ਵਿਚ ਧਰਤੀ ਨੂੰ ਵਰਖਾ ਤ੍ਰਿਪਤ ਕਰ ਦੇਵੇ,
ਤਿਵੇਂ ਤੇਰੇ ਕਰਮ ਸਦਕਾ ਹੀ ਦਿਲ ਨੂੰ ਸ਼ਾਂਤ ਆਈ ਏ।

ਤੇਰੀ ਮੁਸਕਾਨ ਹਰ ਇਨਸਾਨ ਦੀ ਕਲਿਆਨ ਦਾਤੀ ਏ,
ਤੇਰੇ ਬੋਲਾਂ ਗੁਨਾਹਗਾਰਾਂ ਦੀ ਝੱਟ ਮੁਕਤੀ ਕਰਾਈ ਏ।

ਕਰਾਂ ਕੀਕਰ ਬਿਆਂ ਇਹਸਾਨ ਜੋ ਮੇਰੇ ਤੇ ਕੀਤੇ ਨੇ,
ਨਿਗਾਹੇ-ਮਿਹਰ ਨੇ ਬੱਸ ਮੌਤ ਦੀ ਚਿੰਤਾ ਮੁਕਾਈ ਏ।

ਤੂੰ ਸਭ ਨੂੰ ਇਕ ਜਿਹਾ ਜਾਣੇ, ਕੋਈ ਉਚਾ ਨਾ ਨੀਵਾਂ ਹੈ,
ਹਮੇਸ਼ਾਂ ਹਰ ਕਿਸੇ ਦੀ ਲਾਜ ਤੂੰ ਘਰ ਜਾ ਬਚਾਈ ਏ।

ਕਿਸੇ ਦੇ ਅਵਗੁਣਾਂ ਵਲ ਵੇਖ ਗੁਣ ਅਪਣੇ ਨਹੀਂ ਤਜਦਾ,
ਸਦੀਵੀ ਸੁਖ ਬਖਸ਼ 'ਅਮਰੀਕ' ਦੀ ਕੀਤੀ ਸਮਾਈ ਏ।



Sri Satguru Jagjit Singh Ji Elibrary NamdhariElibrary@gmail.com

# ਇਕ ਤੇਰਾ ਦੀਦਾਰ

ਇਕ ਤੇਰਾ ਦੀਦਾਰ ਕਾਇਆ ਪਲਟ ਦੇ ਇਨਸਾਨ ਦੀ।
ਨਜ਼ਰੇ ਨੂਰਾਨੀ ਵਿਖਾ ਦੇਂਦੀ ਏ ਰਾਹ ਕਲਿਆਨ ਦੀ।

ਦਰ ਤੇਰੇ ਨਿਰਮਾਣ ਹੋ ਇਨਸਾਨ ਜੋ ਸਜਦਾ ਕਰੇ,
ਕਿਸਮਤ ਉਸ ਨੂੰ ਰਹਿਮਤਾਂ ਦੇ ਹਾਰ ਪਾ ਸਨਮਾਨਦੀ।

ਇਕ ਤੇਰੀ ਮੁਸਕਾਨ ਲੱਖਾਂ ਹੋਣੀਆਂ ਨੂੰ ਟਾਲ ਦੇ,
ਲਿਖੀਆਂ ਮਿਟ ਜਾਵਨ ਜੇ ਹੋਵੇ ਨਜ਼ਰ ਮੇਹਰਵਾਨ ਦੀ।

ਤੇਰੀ ਖ਼ਿਦਮਤ ਕਰਦਿਆਂ ਪਸ਼ੂਆਂ ਤੋਂ ਥੀਵਨ ਦੇਵਤੇ,
ਐਸੀਆਂ ਬਦਲਣ ਨੁਹਾਰਾਂ, ਦੁਨੀਆਂ ਨ ਪਹਿਚਾਣ ਦੀ।

ਹੈ ਮੁਬਾਰਕ ਥਾਂ ਕਦਮ ਤੇਰੇ ਟਿਕੀਦੇ ਜਿਸ ਜਗਹ,
ਧੂੜ ਨੂੰ ਵੀ ਲੋਚਦੀ ਹੈ ਦੁਨੀਆਂ ਉਸ ਅਸਥਾਨ ਦੀ।

ਤੋੜ ਦੁਨੀਆਂ ਦੇ ਸਹਾਰੇ ਸ਼ਰਨ ਪੈ 'ਅਮਰੀਕ' ਤੂੰ,
ਕਿਉਂ ਨਹੀਂ ਚਿੰਤਾ ਕਰੀ ਤੂੰ ਜਨਮ ਬਿਰਥਾ ਜਾਣ ਦੀ।

ਇਕ ਤੇਰਾ ਦੀਦਾਰ ਕਾਇਆ ਪਲਟ ਦੇ ਇਨਸਾਨ ਦੀ।
ਨਜ਼ਰੇ ਨੂਰਾਨੀ ਵਿਖਾ ਦੇਂਦੀ ਏ ਰਾਹ ਕਲਿਆਨ ਦੀ।



Sri Satguru Jagjit Singh Ji Elibrary NamdhariElibrary@gmail.com

# ਜ਼ਿੰਦਗੀ ਦੀ ਰਾਸ

ਜ਼ਿੰਦਗੀ ਦੀ ਰਾਸ ਹੁਣ ਉੱਕਾ ਮੁੱਕ ਚੱਲੀ ਏ।
ਨਜ਼ਰਾਂ ਨੇ ਰਾਹ ਤੇਰੀ ਅਜੇ ਤੀਕ ਮੱਲੀ ਏ।

ਆਇਆ ਨਹੀਂ ਆਪ ਆਇਆ ਵਕਤ ਅਖ਼ੀਰ ਵੇ,
ਜਾਪਦਾ ਏ ਟੁੱਟ ਚੱਲੀ ਸਾਹਾਂ ਦੀ ਜ਼ੰਜੀਰ ਵੇ,
ਏਨਾ ਚਿਰ ਹੋਇਆ ਸੁਖ ਸਾਂਦ ਵੀ ਨਾ ਘੱਲੀ ਏ।

ਤੇਰੇ ਬਿਨਾਂ ਕਿਵੇਂ ਰਹਾਂ ਤੂੰ ਹੀ ਮੈਨੂੰ ਦੱਸਦੇ,
ਲੋਕੀ ਮੇਰਾ ਹਾਲ ਵੇਖ ਵੇਖ ਪੈ ਹੱਸਦੇ,
ਕਹਿੰਦਾ ਏ ਸ਼ੁਦੈਣ ਮੈਨੂੰ ਕੋਈ ਕਹੇ ਝੱਲੀ ਏ।

ਸੱਜਣਾਂ ਮੈਂ ਤੈਥੋਂ ਜਾਵਾਂ ਲਖ-ਵਾਰ ਵਾਰਨੇ,
ਕਦੋਂ ਕੁ ਤੂੰ ਆ ਕੇ ਮੇਰੇ ਤਪੇ ਅੰਗ ਠਾਰਨੇ,
ਸੀਨੇ ਵਿਚ ਮੱਚੀ ਰਹਿੰਦੀ ਸਦਾ ਤਰਥੱਲੀ ਏ।

ਤੇਰੀ ਤਸਵੀਰ ਦੇਂਦੀ ਬੜਾ ਹੀ ਸਹਾਰਾ ਏ,
ਮਿਲਿਆਂ ਬਗੈਰ ਪਰ ਹੁੰਦਾ ਨ ਗੁਜ਼ਾਰਾ ਏ,
ਹੰਝੂਆਂ ਦੀ ਧਾਰ ਹੁਣ ਜਾਂਦੀ ਨਹੀਂ ਠੱਲੀ ਏ।

ਦਿਲ ਦੀਆਂ ਗੱਲਾਂ ਮੈਨੂੰ ਗਲ ਗਲ ਆਈਆਂ ਵੇ,
ਕਿਦ੍ਹੇ ਨਾਲ ਕਰਾਂ ਮੈਨੂੰ ਦੱਸ ਮੇਰੇ ਸਾਈਆਂ ਵੇ,
ਲੋਕਾਂ ਦਿਆਂ ਮਿਹਣਿਆਂ ਨੇ ਰੂਹ ਮੇਰੀ ਸੱਲੀ ਏ।

ਆਉਗੇ ਤਾਂ ਓਦੋਂ ਹੀ ਤਾਂ ਆਉਣਾਂ ਏ ਬਹਾਰ ਨੇ,
ਤੇਰੇ ਬਿਨਾਂ ਕਿਸ ਕੰਮ ਹਾਰ ਤੇ ਸ਼ਿੰਗਾਰ ਨੇ,
ਕਹੇ 'ਅਮਰੀਕ' ਜਿੰਦ ਬਾਝ ਤੇਰੇ ਕੱਲੀ ਏ।



Sri Satguru Jagjit Singh Ji Elibrary NamdhariElibrary@gmail.com

# ਚਰਨਾਂ 'ਚ ਵਿਛ ਲੈਣ ਦੇ

ਇਹਨਾਂ ਚਰਨਾਂ 'ਚ ਅਜ ਮੈਨੂੰ ਵਿਛ ਲੈਣ ਦੇ।
ਮਨਾਂ ਵਿਚ ਤਸਵੀਰ ਉਹਦੀ ਖਿੱਚ ਲੈਣ ਦੇ।

ਹਟ ਜਾਓ ਅਗੋਂ ਲੋਕੋ ਅਜ ਮੈਨੂੰ ਰੋਕੋ ਨਾ,
ਮੂੰਹ ਆਈਆਂ ਕਹਿਣ ਦਿਓ ਉੱਕਾ ਅਜ ਟੋਕੋ ਨਾ,
ਮੈਨੂੰ ਆਪਣਾਂ ਨਸੀਬ ਆਪ ਲਿਖ ਲੈਣ ਦੇ।

ਚਰਨਾਂ 'ਚ ਭੌਲਾ ਮੈਨੂੰ ਜੰਨਤਾਂ ਦਾ ਪੈਂਦਾ ਏ,
ਹੋਰ ਕਿਤੇ ਜੰਨਤ ਹੈ ਝੂਠ ਕੋਈ ਕਹਿੰਦਾ ਏ,
ਏਸ ਜੰਨਤ 'ਚ ਵੱਸ ਲੈਣਾਂ ਸਿੱਖ ਲੈਣ ਦੇ।

ਤੱਕੋ ਜ਼ਰਾ ਉਹਦੇ ਨਾਲੋਂ ਕੌਣ ਹੋਰ ਸੋਹਣਾ ਏ,
ਉਹਦੇ ਜਿਹਾ ਦੁਨੀਆਂ 'ਚ ਹੋਰ ਕਿਸ ਹੋਣਾ ਏ,
ਰੱਜ ਰੱਜ ਕੇ ਨਿਹਾਰ ਉਹਦੀ ਦਿਖ ਲੈਣ ਦੇ।

ਦੁਖ ਦੂਰ ਹੋਣ ਉਹਦੇ ਜਿਦ੍ਹੇ ਵੱਲ ਤਕਦੇ,
ਕਰ ਕਰ ਦੂਰ ਦੁਖ ਕਦੇ ਵੀ ਨਾ ਥੱਕਦੇ,
ਮੈਨੂੰ ਆਪਣੀ ਤਰੀਕ ਆਪ ਮਿੱਥ ਲੈਣ ਦੇ।

ਪਤਾ ਨਹੀਂ ਨਜ਼ਰਾਂ ਦੇ ਵਿਚ ਕੇਹਾ ਜਾਦੂ ਏ,
ਤਕਦਾ ਏ ਜਿਦ੍ਹੇ ਵੱਲ ਬਣ ਜਾਂਦਾ ਸਾਧੂ ਏ,
'ਅਮਰੀਕ' ਨੂੰ ਵੀ ਠਾਰ ਅਜ ਹਿੱਕ ਲੈਣ ਦੇ।

ਇਹਨਾਂ ਚਰਨਾਂ 'ਚ ਅਜ ਮੈਨੂੰ ਵਿਛ ਲੈਣ ਦੇ।
ਮਨਾਂ ਵਿਚ ਤਸਵੀਰ ਉਹਦੀ ਖਿੱਚ ਲੈਣ ਦੇ।



Sri Satguru Jagjit Singh Ji Elibrary NamdhariElibrary@gmail.com

# ਦੂਰ ਨ ਹੋਵਾਂ ਕਦੇ

ਦਿਲ ਮੇਰਾ ਚਾਹੁੰਦਾ ਏ ਤੈਥੋਂ ਦੂਰ ਨ ਹੋਵਾਂ ਕਦੇ।
ਕਰਦਿਆਂ ਦੀਦਾਰ ਮੈਂ ਭਰਪੂਰ ਨ ਹੋਵਾਂ ਕਦੇ।

ਅੱਖੀਆਂ ਸਾਹਵੇਂ ਉਹ ਚਸ਼ਮਾਂ ਨੂਰ ਦਾ ਵੱਸਦਾ ਰਹੇ,
ਨੂਰ ਕੋਲੋਂ ਦੂਰ ਹੋ ਬੇ ਨੂਰ ਨ ਹੋਵਾਂ ਕਦੇ।

ਦਿਲ ਦੀ ਤਪਦੀ ਧਰਤ ਤੇ ਬਣ ਮੇਘਲਾ ਵੱਸਦੇ ਰਹੋ,
ਤ੍ਰਿਪਤ ਨ ਹੋਵਾਂ ਕਦੇ ਮਖ਼ਮੂਰ ਨ ਹੋਵਾਂ ਕਦੇ।

ਪਿਆਰ ਦੀ ਦੌਲਤ ਨਿਰੰਤਰ ਮਿਲ ਰਹੀ ਏ ਆਪ ਤੋਂ,
ਪਾ ਕੇ ਦੌਲਤ ਪਿਆਰ ਦੀ ਮਗ਼ਰੂਰ ਨ ਹੋਵਾਂ ਕਦੇ।

ਨ ਬਣਨ ਹਾਲਾਤ ਐਸੇ ਜ਼ਿੰਦਗੀ ਵਿਚ ਪ੍ਰੀਤਮਾਂ,
ਦਰ ਤੇਰਾ ਛੱਡ ਦੇਣ ਤੇ ਮਜਬੂਰ ਨ ਹੋਵਾਂ ਕਦੇ।

ਮਸਤ ਨਜ਼ਰਾਂ ਦੇ ਜਦੋਂ ਮੈਂ ਜਾਮ ਰੱਜ ਕੇ ਪੀ ਲਏ,
ਝੂਠਿਆਂ ਨਸ਼ਿਆਂ 'ਚ ਹੁਣ ਮੈਂ ਚੂਰ ਨ ਹੋਵਾਂ ਕਦੇ।

ਉਮਰ ਦਾ ਉਹ ਪਲ ਮੈਂ ਉੱਕਾ ਵੇਖਣਾ ਚਾਹੁੰਦਾ ਨਹੀਂ,
ਤੇਰੀਆਂ ਨਜ਼ਰਾਂ 'ਚ ਜਦ ਮਨਜ਼ੂਰ ਨ ਹੋਵਾਂ ਕਦੇ।

ਖ਼ੁਸ਼ ਨਸੀਬੀ ਹੈ ਕਿ ਤੂੰ ਪਰਵਾਨ ਮੈਨੂੰ ਕਰ ਲਿਆ,
ਹੁਣ ਵਿਛੋੜੇ ਦੇ ਥਲਾਂ ਵਿਚ ਪੂਰ ਨ ਹੋਵਾਂ ਕਦੇ।

ਤੇਜ਼ ਅਗਨੀ ਝੁਲਸ ਦੇ 'ਅਮਰੀਕ' ਮੈਨੂੰ ਡਰ ਨਹੀਂ,
ਤੇਰੇ ਅਹਿਸਾਨਾਂ ਦਾ ਜੇ ਮਸ਼ਕੂਰ ਨ ਹੋਵਾਂ ਕਦੇ।



Sri Satguru Jagjit Singh Ji Elibrary NamdhariElibrary@gmail.com

# ਜੋ ਦੇਂਦਾ ਏ ਜੀਵਨ ਦਾਨ

ਸੱਜਣ ਤੋਂ ਜਾਵਾਂ ਕੁਰਬਾਨ, ਜੋ ਦੇਂਦਾ ਏ ਜੀਵਨ ਦਾਨ।
ਸਦ ਬਖਸ਼ਿੰਦ ਸਦਾ ਮਿਹਰਵਾਨ, ਹੋਰ ਹੈ ਉਸ ਤੋਂ ਕੌਣ ਮਹਾਨ।

ਰਹਿੰਦਾ ਏ ਉਹ ਸਦਾ ਦਿਆਲ, ਦਰਸ਼ਨ ਕਰ ਹੋ ਗਿਆਂ ਨਿਹਾਲ।
ਔਗੁਣ ਮੇਰੇ ਚਿੱਤ ਨਾ ਧਰਦਾ, ਬਿਨਾ ਆਖਿਆਂ ਸਭ ਦੁਖ ਹਰਦਾ।

ਧੁਰ ਅੰਦਰ ਦੇ ਭੇਤ ਉਹ ਜਾਣੇ, ਪੁੱਛੇ ਬਿਨ ਹਰ ਮਰਜ਼ ਪਛਾਣੇ।
ਦਿਲ ਤੋਂ ਦੂਰ ਕਦੇ ਨਹੀਂ ਰਹਿੰਦਾ, ਯਾਦ ਕਰਾਂ ਝੱਟ ਕੋਲ ਆ ਬਹਿੰਦਾ।

ਉਸ ਦੀ ਹੈ ਹਰ ਬਾਤ ਨਿਆਰੀ, ਸੂਰਤ ਸੀਰਤ ਕਿਤਨੀ ਪਿਆਰੀ।
ਮਿਲਿਆਂ ਹੋਣ ਹਨੇਰੇ ਲੋਆਂ, ਖਿੰਡ ਜਾਵਨ ਹਰ ਥਾਂ ਖੁਸ਼ਬੋਆਂ।

ਪਿਆਰ ਕਰੇ ਤੇ ਪਿਆਰ ਹੀ ਮੰਗੇ, ਪਿਆਰ ਦੇ ਰੰਗ ਸਭਸ ਨੂੰ ਰੰਗੇ।
ਸੀਸ ਤੀਕ ਉਹ ਸਿਫਤਾਂ ਭਰਿਆ, ਤਰਿਆ ਜਿਸ ਵੀ ਦਰਸ਼ਨ ਕਰਿਆ।

ਮੱਥੇ ਵੱਟ ਕਦੇ ਨਾ ਪਾਵੇ, ਸੰਕਟ ਵਿਚ ਸਦਾ ਮੁਸਕਾਵੇ।
ਜਿਸ ਵਲ ਨਜ਼ਰ ਮਿਹਰ ਦੀ ਹੋਈ, ਉਸ ਨੂੰ ਮਿਲਦੀ ਹਰ ਥਾਂ ਢੋਈ।

ਜਨਮ ਜਨਮ ਦੀ ਧੋਂਦਾ ਮੈਲ, ਦੁਖਾਂ ਤੋਂ ਛੁਡਵਾਂਦਾ ਗੈਲ।
ਕਦਮ ਓਸ ਦੇ ਜਿਸ ਥਾਂ ਪੈਂਦੇ, ਸਵਰਗ ਧਾਮ ਉਸ ਥਾਂ ਨੂੰ ਕਹਿੰਦੇ।

ਚਰਨ ਓਸ ਦੇ ਜਿਸ ਨੇ ਪਰਸੇ, ਭਾਗ ਉਸਦੇ ਸਮਝੋ ਸਰਸੇ।
ਅਤਿ ਮਿੱਠੇ ਨੇ ਉਸ ਦੇ ਬੋਲ, ਕੰਨਾਂ ਵਿਚ ਦੇ ਮਿਸ਼ਰੀ ਘੋਲ।

ਜ਼ਾਤ ਓਸਦੀ ਕਿਵੇਂ ਪਛਾਣਾਂ, ਬੇ ਸਮਝੀ ਦਾ ਨਹੀਂ ਠਿਕਾਣਾਂ।
ਉਹ ਪਰਬਤ ਮੈਂ ਰਾਈ ਜੇਹਾ, ਉਹ ਸਾਗਰ ਮੈਂ ਖਾਈ ਜੇਹਾ।

ਉਹ ਸੂਰਜ ਮੈਂ ਵਾਂਗ ਟਟਹਿਣੇ, ਉਸ ਦੀ ਛਬ ਦੇ ਕਿਆ ਹੀ ਕਹਿਣੇ।
ਉਹ ਮੈਨੂੰ ਜਦ ਨਜ਼ਰੀ ਆਵੇ, ਰੱਬ ਉਸ ਦੇ ਪਿੱਛੇ ਲੁਕ ਜਾਵੇ।



Sri Satguru Jagjit Singh Ji Elibrary NamdhariElibrary@gmail.com

ਦੇਂਦਾ ਏ ਅਣ ਮੁਲੀਆਂ ਦਾਤਾਂ, ਭਰੇ ਝੋਲੀਆਂ ਨਾਲ ਸੁਗਾਤਾਂ।
ਕੀਹ ਕਹੀਏ ਕੁਝ ਕਹਿਣ ਨ ਜਾਏ, ਕਹੇ ਬਿਨਾ ਪਰ ਰਿਹਾ ਨ ਜਾਏ।

ਸਾਰੀ ਉਮਰ ਜੇ ਕਹਿੰਦੇ ਰਹੀਏ, ਫੇਰ ਵੀ ਉਸਦਾ ਅੰਤ ਨ ਲਹੀਏ।
ਸਦ ਪ੍ਰਣਾਮ ਹੈ ਉਸ ਨੂੰ ਮੇਰੀ, ਉਸ ਦੇ ਦਰ ਤੇ ਹੋਵਾਂ ਢੇਰੀ।

ਜ਼ੁਮੇਵਾਰ ਹੈ ਸਭ ਕਾਜੇ ਦਾ, ਏਥੇ ਉਥੇ ਹਰ ਪਾਸੇ ਦਾ।
ਜੀਵਨ ਉਸਦੇ ਕਰਾਂ ਹਵਾਲੇ, ਜਿਓਂ ਚਾਹੇ ਇਸ ਨੂੰ ਪ੍ਰਤਿਪਾਲੇ।

ਸਾਰੇ ਫ਼ਿਕਰ ਮੁਕਾਈਏ ਆਪਣੇ, ਕਰੇ ਸਾਕਾਰ ਉਹ ਸਾਰੇ ਸੁਪਣੇ।
ਜਨਮਾਂ ਦੀ ਉਸ ਪਿਆਸ ਬੁਝਾਈ, ਮੈਂ ਮੂਰਖ ਨੂੰ ਸਾਰ ਨ ਆਈ।

ਉਸ ਦੇ ਹੱਥ ਹੈ ਮੇਰੀ ਲੱਜਿਆ, ਹਰ ਔਗੁਣ ਮੇਰਾ ਉਸ ਕੱਜਿਆ।
ਅਜ ਤਕ ਜੋ ਉਸ ਦੇ ਲੜ ਲੱਗਾ, ਸੌਰ ਗਿਆ ਉਹਦਾ ਪਿਛਾ ਅੱਗਾ।

ਦਰ ਉਸ ਦਾ ਸੁਖ ਸਾਗਰ ਜਾਣੋ, ਘਰ ਉਸਦਾ ਅਸਲੀ ਘਰ ਜਾਣੋ।
ਬੁੱਝੋ ਖਾਂ ਭਲਾ ਕੌਣ ਹੈ ਐਸਾ ਕੋਈ ਨਹੀਂ ਜਗ ਤੇ ਜਿਸ ਜੈਸਾ।

ਮਾਤ ਭੂਪਿੰਦਰ ਦਾ ਉਹ ਜਾਇਆ, ਵਡ ਪਰਤਾਪੀ ਲਾਡ ਲਡਾਇਆ।
ਜਗ ਜਿੱਤਿਆ ਜਿਸ ਨਾਲ ਪਿਆਰਾਂ, ਕਿਉਂ ਨਾ ਜਾਨ ਓਸ ਤੋਂ ਵਾਰਾਂ।

ਨਾਮ ਓਸ ਦਾ ਮੈਂ ਨਹੀਂ ਲੈਣਾ, ਪਰ 'ਅਮਰੀਕ' ਨੇ ਕੰਨ ਵਿਚ ਕਹਿਣਾ।

ਆਓ ਉਸ ਦੇ ਦਰ ਤੇ ਚੱਲੀਏ, ਬਖਸ਼ਸ਼ ਦਾ ਦਰ ਜਾ ਕੇ ਮੱਲੀਏ।
ਜਗ ਜਿੱਤਦਾ ਏ ਨਾਲ ਪਿਆਰਾਂ, ਮੈਂ ਵਾਰੀ ਜਿੰਦ ਉਸ ਤੋਂ ਵਾਰਾਂ।



Sri Satguru Jagjit Singh Ji Elibrary NamdhariElibrary@gmail.com

# ਯਾਦ ਅਸਾਨੂੰ ਆਏ ਹੋ

ਸ਼ਾਮ ਸਵੇਰੇ ਯਾਦ ਅਸਾਨੂੰ ਆਏ ਹੋ।
ਇਕ ਪਲ ਵੀ ਨ ਭੁਲ ਅਸਾਨੂੰ ਪਾਏ ਹੋ।

ਤਨ ਮਨ ਵਿਚੋਂ ਮਹਿਕ ਤੁਸਾਂ ਦੀ ਆਉਂਦੀ ਏ,
ਰੋਮ ਰੋਮ ਵਿਚ ਸਦਾ ਹੀ ਆਪ ਸਮਾਏ ਹੋ।

ਤੁਸੀਂ ਹਮੇਸ਼ਾਂ ਸੜਦੇ ਸਾਡੇ ਸੀਨੇ ਤੇ,
ਸਾਵਨ ਦੀ ਘਨਘੋਰ ਘਟਾ ਬਣ ਛਾਏ ਹੋ।

ਹੋਰ ਅਸਾਡਾ ਮਨ ਕਿਧਰੇ ਵੀ ਟਿਕਿਆ ਨਾ,
ਤੁਸੀਂ ਅਜੇਹੇ ਮਨ ਸਾਡੇ ਨੂੰ ਭਾਏ ਹੋ।

ਅਸੀਂ ਜਾਣੀਦੇ ਅਪਣੀ ਮੰਦੀ ਹਾਲਤ ਨੂੰ
ਪਾਸ ਅਸਾਡੇ ਰਹਿਣੋਂ ਨ ਸ਼ਰਮਾਏ ਹੋ।

ਕਿਹੜੇ ਸੰਕਟ ਜੋ ਸਾਡੇ ਸਿਰ ਆਇਆ ਨਾ,
ਹਰ ਸੰਕਟ ਤੋਂ ਕੋਹਾਂ ਦੂਰ ਲਿਆਏ ਹੋ।

ਨੇੜੇ ਵਿਚ ਵੀ ਰਹਿੰਦੇ ਸਾਥੋਂ ਦੂਰ ਨਹੀਂ,
ਸੱਜਣ ਜੀ ਤੁਸੀਂ ਸਾਡੇ ਐਸੇ ਸਾਏ ਹੋ।

ਕੋਝ ਕਦੀ 'ਅਮਰੀਕ' ਜਿਹਾਂ ਦੇ ਦਿਸਦੇ ਨਹੀਂ,
ਅੰਗ ਅੰਗ ਤੇ ਐਸੇ ਤੁਸੀਂ ਸੁਹਾਏ ਹੋ।



Sri Satguru Jagjit Singh Ji Elibrary NamdhariElibrary@gmail.com

# ਨਜ਼ਰ ਮਿਹਰ ਦੀ

ਨਜ਼ਰ ਮਿਹਰ ਦੀ ਕਰੋ ਪਿਆਰੇ।
ਦੁਖ ਮੇਰੇ ਸਭ ਹਰੋ ਪਿਆਰੇ।

ਬਿਨ ਔਗੁਣ ਮੇਰੇ ਵਿਚ ਕੀਹ ਏ,
ਔਗੁਣ ਚਿੱਤ ਨ ਧਰੋ ਪਿਆਰੇ।

ਅਪਣੀ ਰਹਿਮਤ ਬਖਸ਼ਸ਼ ਸਦਕਾ,
ਖਾਲੀ ਝੋਲਾਂ ਭਰੋ ਪਿਆਰੇ।

ਰੀਝਾਂ ਅਜੇ ਕਵਾਰੀਆਂ ਸੱਭੇ,
ਆਪ ਆਣ ਕੇ ਵਰੋ ਪਿਆਰੇ।

ਧਰਤ ਬਰਾਨੀ ਹਿਰਦਾ ਮੇਰਾ,
ਬੱਦਲ ਬਣ ਕੇ ਵਰ੍ਹੋ ਪਿਆਰੇ।

ਚਾਨਣ ਦਾ ਅਣਮੁਕ ਹੈ ਝਰਨਾ,
ਹਰਦਮ ਹਰ ਪਲ ਝਰੋ ਪਿਆਰੇ।

ਤੁਸਾਂ ਨੂੰ ਕੋਈ ਫ਼ਰਕ ਨ ਪੈਣਾਂ,
ਭਵ ਸਾਗਰ ਲੈ ਤਰੋ ਪਿਆਰੇ।

ਬਾਹਾਂ ਵਿਚ ਲੈ ਸੀਨਾਂ ਠਾਰੋ,
ਨਾ 'ਅਮਰੀਕ' ਤੋਂ ਡਰੋ ਪਿਆਰੇ।



Sri Satguru Jagjit Singh Ji Elibrary NamdhariElibrary@gmail.com

# ਰੁਬਾਈਆਂ

ਮੈਂ ਇਕ ਵੇਲ ਗਲੋ ਦੀ ਸੱਜਣਾਂ ਮੁਢ ਤੁਸਾਂ ਦੇ ਉੱਗੀ,
ਮਾਰ ਵਲ੍ਹੇਟੇ ਤੁਸਾਂ ਦੁਆਲੇ, ਅਧ ਅਸਮਾਨੀ ਪੁੱਜੀ।
ਗਈ ਕੁਤਿੱਤਣ ਮੇਰੀ ਨਾ ਪਰ, ਮਿੱਠਤ ਤੁਸਾਂ ਨ ਤਿਆਗੀ।
ਔਗੁਣ-ਗੁਣ ਅਸਾਂ ਦੁਹਾਂ ਨ ਛੱਡੇ, ਫੇਰ ਵੀ ਯਾਰੀ ਪੁੱਗੀ।

ਦਾਖਾਂ ਦੇ ਬਾਗਾਂ ਵਿਚ ਆਪੇ ਉੱਗ ਧਰੇਕਾਂ ਆਈਆਂ,
ਇੱਕੋ ਮਿੱਟੀ ਇਕੋ ਪਾਣੀ ਹੋਈਆਂ ਦੂਣ-ਸਵਾਈਆਂ,
ਦੋਹਾਂ ਨੂੰ ਫਲ ਲੱਗਾ ਇਤਨਾਂ, ਹੱਦ ਰਹੀ ਨਾ ਕਾਈ,
ਪਰ ਧਰਕੋਨੇ ਕੌੜੇ ਰਹਿ ਗਏ, ਦਾਖਾਂ ਵਾਂਗ ਮਿਠਾਈਆਂ।

ਧਰਤੀ ਦੇ ਕਣ ਕਣ ਵਿਚ ਰਚੀਆਂ, ਮਿਠਤਾਂ ਅਤੇ ਕੁੜਿੱਤਣਾਂ,
ਜੈਸੀ ਜੜ੍ਹ ਹੋਵੇ ਜਿਸ ਰੁੱਖ ਦੀ ਤੈਸਾ ਉਸ ਰਸ ਖਿੱਚਣਾਂ,
ਅੰਬ ਅੰਗੂਰ ਗਲੋ ਧਰਕੋਨੇ, ਸਭ ਧਰਤੀ ਦੇ ਜਾਏ,
ਚੱਖ ਕੇ ਪਰਖਣ ਵਾਲੇ ਜਾਣਨ, ਫ਼ਰਕ ਇਨ੍ਹਾਂ ਵਿਚ ਕਿਤਨਾ।



Sri Satguru Jagjit Singh Ji Elibrary NamdhariElibrary@gmail.com

# ਕੀ ਕਰਾਂ ਸਾਹਿਬਾ

ਇਸ ਜ਼ਮਾਨੇ ਦਾ ਦੱਸ ਕੀ ਕਰਾਂ ਸਾਹਿਬਾ।
ਇਸਦੇ ਕਿਤਨੇ ਕੁ ਵਾਧੇ ਜਰਾਂ ਸਾਹਿਬਾ।

ਇਹ ਜੋ ਕਹਿੰਦਾ ਏ ਉਹ ਕੁਝ ਕਮਾਂਦਾ ਨਹੀਂ,
ਕਿਹੜੀ ਗੱਲ ਤੇ ਮੈਂ ਧੀਰਜ ਧਰਾਂ ਸਾਹਿਬਾ।

ਵਾਂਗ ਗਿਰਗਟ ਦੇ ਰੰਗ ਬਦਲਦਾ ਹੀ ਰਹੇ,
ਇਸ ਦੀ ਹਾਮੀ ਕੀ ਦੱਸ ਮੈਂ ਭਰਾਂ ਸਾਹਿਬਾ।

ਸੱਚੀ ਗੱਲ ਨੂੰ ਲੁਕਾਂਦਾ ਰਹੇ ਹਰ ਘੜੀ,
ਝੂਠ ਕਿਤਨਾ ਕੁ ਕਰੀਏ ਪਰ੍ਹਾਂ ਸਾਹਿਬਾ।

ਏ ਦਿਲਾਂ ਵਿਚ ਸਦਾ ਖਾਈ ਡੂੰਘੀ ਕਰੇ,
ਏਸ ਖਾਈ 'ਚ ਡੁੱਬ ਨ ਮਰਾਂ ਸਾਹਿਬਾ।

ਸੋਚਦਾ ਏ ਹਮੇਸ਼ਾ ਇਹ ਅਣਹੋਣੀਆਂ,
ਇਹਦੀ ਕਰਨੀ ਤੋਂ ਹਰਦਮ ਡਰਾਂ ਸਾਹਿਬਾ।

ਇਹ ਤਾਂ ਮਜਬੂਰ ਲੋਕਾਂ ਦਾ ਸੋਸ਼ਨ ਕਰੇ,
ਕਿਸਤਰ੍ਹਾਂ ਮੈਂ ਵੀ ਇਸ ਤੋਂ ਬਚਾਂ ਸਾਹਿਬਾ।

ਟੋਏ ਪੁੱਟਦਾ ਏ ਦੂਜੇ ਦੇ ਘਰ ਸਾਹਮਣੇ,
ਗੰਦੇ ਟੋਇਆਂ ਚੋਂ ਕੀਕਰ ਤਰਾਂ ਸਾਹਿਬਾ।

ਕਹਿ ਦਿਓ ਇਸ ਜ਼ਮਾਨੇ ਨੂੰ 'ਅਮਰੀਕ' ਜੀ,
ਏਸ ਦਰ ਤੋਂ ਕਦੇ ਨ ਟਰਾਂ ਸਾਹਿਬਾ।



Sri Satguru Jagjit Singh Ji Elibrary NamdhariElibrary@gmail.com

# ਹੱਥ ਤੇਰੇ ਡੋਰ

ਮੇਰੀ ਜ਼ਿੰਦਗੀ ਦੀ ਹੱਥ ਤੇਰੇ ਡੋਰ।
ਮੇਰਾ ਆਸਰਾ ਕੋਈ ਨ ਕਿਤੇ ਹੋਰ।

ਧੰਨ ਭਾਗ ਸ਼ਰਨ ਤੇਰੀ ਪਾਈ,
ਧੁਪ ਗਈ ਅੰਦਰ ਦੀ ਸਿਆਹੀ,
ਹੋਈ ਹੋਂਦ ਮੇਰੀ ਨਵੀਓਂ ਨਕੋਰ।

ਮਿਟੀ ਜਨਮ ਜਨਮ ਦੀ ਪਿਆਸ,
ਪੂਰੀ ਹੋਈ ਅਧੂਰੀ ਹਰ ਆਸ,
ਮਿਹਰ ਵੱਸੀ ਬਣ ਘਟਾ ਘਨਘੋਰ।

ਤੇਰੇ ਰੰਗ ਵਿਚ ਐਸਾ ਗਿਆ ਰੰਗਿਆ,
ਮੈਨੂੰ ਮਿਲਿਆ ਜੋ ਕੁਝ ਵੀ ਮੈਂ ਮੰਗਿਆ,
ਮੇਰੀ ਲੋਕਾਂ ਨਾਲ ਰਲਦੀ ਨ ਤੋਰ।

ਮੈਂ ਤਾਂ ਹੋ ਗਿਆ ਹਾਂ ਲੋਹੇ ਤੋਂ ਲਾਲ,
ਤੇਰੀ ਮਿਹਰ ਦਾ ਹੀ ਸਾਰਾ ਏ ਕਮਾਲ,
ਐਸੀ ਨਜ਼ਰਾਂ ਦੀ ਪਈ ਲਿਸ਼ਕੋਰ।

ਤੇਰੇ ਨਾਮ ਕੀਤਾ ਬੇੜਾ ਪਾਰ,
ਵਾਲ ਵਾਲ ਮੇਰੈ ਸ਼ੁਕਰ ਗੁਜ਼ਾਰ
ਹੋਇਆ 'ਅਮਰੀਕ' ਹੋਰ ਦਾ ਹੋਰ।



Sri Satguru Jagjit Singh Ji Elibrary NamdhariElibrary@gmail.com

# ਨਜ਼ਰ ਮਿਲਾਈ ਜੇ

ਨਜ਼ਰਾਂ ਸੰਗ ਨਜ਼ਰ ਮਿਲਾਈ ਜੇ,
ਮੈਨੂੰ ਜੀਵਨ ਜਾਚ ਸਿਖਾਈ ਜੇ।

ਮੈਂ ਮਾਨਸ ਜਨਮ ਤਾਂ ਪਾਇਆ ਸੀ,
ਪਰ ਜੀਣ ਦਾ ਢੰਗ ਨ ਆਇਆ ਸੀ,
ਅਪਣੇ ਲੜ ਲਾ ਕੇ ਜਨਮਾਂ ਦੀ,
ਮੇਰੀ ਦੁਰਮਤ ਮੈਲ ਵੰਞਾਈ ਜੇ।

ਦਰ ਦੇਸ ਮਿਲੀ ਜਾਂ ਢੋਈ ਏ,
ਮੇਰੀ ਕੰਚਨ ਦੇਹੀ ਹੋਈ ਏ,
ਸਦ ਪਾਸ ਜਦੋਂ ਪੁਚਕਾਰ ਲਿਆ,
ਮੈਨੂੰ ਸ਼ਾਂਤ ਸਦੀਵੀ ਆਈ ਜੇ।

ਡਰ ਕੋਈ ਨਹੀਂ ਕੀ ਖ਼ਤਰਾ ਏ,
ਬਦ-ਬਖ਼ਤੀ ਦਾ ਬੁੱਲਿਆ ਪੱਤਰਾ ਏ,
ਮੇਰੀ ਅੰਦਰ ਦੀ ਵੇਦਨ ਜਾਣ ਲਈ,
ਕਰ ਦਿੱਤੀ ਸਫਲ ਕਮਾਈ ਜੇ।

ਮੇਰਾ ਬਚਪਨ ਬੀਤਾ ਅਣ-ਜਾਣੇ,
ਲੰਘ ਗਈ ਜਵਾਨੀ ਬਿਨ ਮਾਣੇ,
ਮੇਰੀ ਪਿਛਲੀ ਉਮਰ ਸੁਆਰ ਦਿਤੀ,
ਸਭ ਆਪ ਦੀ ਹੀ ਵਡਿਆਈ ਜੇ।



Sri Satguru Jagjit Singh Ji Elibrary NamdhariElibrary@gmail.com

# ਅਲਖ ਮੈਂ ਜਗਾਂਦਾ ਰਹਾਂ

ਤੇਰੇ ਦਰ ਤੇ ਅਲਖ ਮੈਂ ਜਗਾਂਦਾ ਰਹਾਂ।
ਬੂਹਾ ਤੇਰਾ ਸਦਾ ਖਟਖਟਾਂਦਾ ਰਹਾਂ।

ਤੂੰ ਰਹੇਂ ਬਖਸ਼ਸ਼ਾਂ ਕਰਦਾ ਏਸੇ ਤਰ੍ਹਾਂ,
ਖਾਲੀ ਝੋਲਾ ਮੈਂ ਭਰਦਾ ਭਰਾਂਦਾ ਰਹਾਂ।

ਨਾਮ ਤੇਰੇ ਬਿਨਾਂ ਹੋਰ ਕਿਸ ਦਾ ਲਵਾਂ,
ਮੈਂ ਤੇਰੇ ਗੀਤ ਹੀ ਗੁਣ ਗੁਣਾਂਦਾ ਰਹਾਂ।

ਹੋਰ ਕੁਝ ਯਾਦ ਮੈਨੂੰ ਰਹੇ ਨਾਂ ਰਹੇ,
ਖ਼ਾਬ ਵਿਚ ਵੀ ਤੇਰੇ ਗੀਤ ਗਾਂਦਾ ਰਹਾਂ।

ਤੇਰੇ ਚਰਨਾਂ ਦੀ ਜੰਨਤ ਰਹਾਂ ਮਾਣਦਾ,
ਜੋਤ ਜੀਵਨ ਦੀ ਬੁਝਣੋਂ ਬਚਾਂਦਾ ਰਹਾਂ।

ਮੇਰੀ ਭਟਕਣ ਨਾ ਮੁਕਣੀ ਬਿਨਾਂ ਆਪਦੇ,
ਕਿਉਂ ਕਿਤੇ ਹੋਰ ਧੱਕੇ ਮੈਂ ਖਾਂਦਾ ਰਹਾਂ।

ਮੇਰੀਆਂ ਮੁਸ਼ਕਲਾਂ ਦਾ ਹੈਂ ਮੁਸ਼ਕਲ ਕੁਸ਼ਾ,
ਮੁਸ਼ਕਲਾਂ ਮੈਂ ਸਦਾ ਹਲ ਕਰਾਂਦਾ ਰਹਾਂ।

ਤੂੰ ਅਸੰਭਵ ਨੂੰ ਸੰਭਵ ਪਲਾ ਵਿਚ ਕਰੇਂ,
ਨਾਲ 'ਅਮਰੀਕ' ਦੇ ਸਿਰ ਝੁਕਾਂਦਾ ਰਹਾਂ।



Sri Satguru Jagjit Singh Ji Elibrary NamdhariElibrary@gmail.com

# ਭੁਲ ਨਹੀਂ ਸਕਣਾਂ।

ਅਪਣੇ ਆਪੇ ਨੂੰ ਭਾਵੇਂ ਮੈਂ ਭੁਲ ਜਾਵਾਂ,
ਪਿਆਰ ਤੇਰਾ ਕਦੇ ਵੀ ਭੁੱਲ ਸਕਣਾਂ ਨਹੀਂ।
ਮੇਰੇ ਅੰਦਰ ਜੋ ਦੀਪਕ ਜਗਾਇਆ ਤੁਸਾਂ,
ਕਦੇ ਤੀਕ ਵੀ ਹੋ ਗੁੱਲ ਸਕਣਾਂ ਨਹੀਂ।

ਬਣ ਕੇ ਮਹਿਕਾਂ ਮੇਰੇ ਵਿਚ ਸਮਾਏ ਤੁਸੀਂ,
ਮੇਰੇ ਜੀਵਨ ਦਾ ਸਭ ਕੁਝ ਹੀ ਹੋਏ ਤੁਸੀਂ,
ਮੇਰੀ ਆਸਾ ਦਾ ਕਾਸਾ ਲਬਾ ਲਬ ਹੈ ਅਜ,
ਊਣਾਂ ਰਹਿਣਾਂ ਨਹੀਂ ਡੁਲ੍ਹ ਵੀ ਸਕਣਾਂ ਨਹੀਂ।

ਮੈਂ ਤਾਂ ਚਾਹੁੰਦਾ ਹਾਂ ਬੈਠੇ ਰਹੋ ਸਾਹਮਣੇ,
ਆਪ ਦੇ ਬਿਨ ਮਨੋ ਭਾਵ ਕਿਸ ਥਾਮਣੇ,
ਪ੍ਰੀਤ ਦੀ ਗੰਢ ਮੇਰੀ ਹੈ ਗਈ ਪੀਚਵੀਂ,
ਏਸ ਦੁਨੀਆਂ ਤੋਂ ਜਿਸ ਖੁਲ੍ਹ ਵੀ ਸਕਣਾਂ ਨਹੀਂ।

ਤੇਰੇ ਕਦਮਾਂ ਦੀ ਤਕਦੀਰ ਦਾਸੀ ਬਣੀ,
ਮੁਕਤੀ ਮੇਰੇ ਲਈ ਅਸਲੋਂ ਹਾਸੀ ਬਣੀ,
ਮੈਨੂੰ ਵਿਸ਼ਵਾਸ਼ ਹੈ ਕਿ ਧਰਮ ਰਾਜ ਨੇ,
ਵਰਕਾ ਲੇਖਾਂ ਦਾ ਇਕ ਥੁੱਲ ਵੀ ਸਕਣਾਂ ਨਹੀਂ।

ਕੀ ਕਰਾਂ ਮੇਰੇ ਵੱਸ ਦੀ ਨ ਗੱਲ ਦੋਲਣਾਂ,
ਭੇਤ ਦਿਲ ਦਾ ਤੁਸਾਂ ਬਿਨ ਹੈ ਕਿਸ ਖੋਲ੍ਹਣਾਂ,
ਚਾਹਾਂ ਬਣ ਕੇ ਰੁਮਾਲੀ ਤੇਰੇ ਹਥ ਰਹਾਂ,
ਜਿਸ ਕਦੇ ਖ਼ਾਕ ਵਿਚ ਰੁਲ ਵੀ ਸਕਣਾਂ ਨਹੀਂ।

ਉਹ ਘੜੀ ਬਹੁਤ ਭੈੜੀ ਨ ਆਵੇ ਕਿਤੇ,
ਸੋਹਣੀ ਸੂਰਤ ਮਨੋ ਹਟ ਨ ਜਾਵੇ ਕਿਤੇ,
ਲਗ ਨ ਜਾਏ ਕੋਈ ਦਾਗ਼ 'ਅਮਰੀਕ' ਨੂੰ,
ਜਿਸ ਨੇ ਇਸ ਉਮਰੇ ਫਿਰ ਧੁਲ ਵੀ ਸਕਣਾਂ ਨਹੀਂ।



Sri Satguru Jagjit Singh Ji Elibrary NamdhariElibrary@gmail.com

# ਆਇਆ ਇਕ ਦਰ ਤੇ ਸਵਾਲੀ ਏ

ਆਇਆ ਇਕ ਦਰ ਤੇ ਸਵਾਲੀ ਏ,
ਜਿੰਦੜੀ ਝੋਲ ਜਨਮਾ ਤੋਂ ਖ਼ਾਲੀ ਏ।
ਹਰ ਤਰਫ਼ੋਂ ਹੀ ਝਾਕ ਮੁਕਾ ਆਇਆਂ,
ਹੁਣ ਅਰਜ਼ ਨਾ ਜਾਣੀ ਟਾਲੀ ਏ।

ਕੋਈ ਰੇਖ 'ਚ ਮੇਖ ਅਜ ਮਾਰ ਦਿਓ,
ਡੁੱਬਦੇ ਡੁੱਬਦੇ ਨੂੰ ਤਾਰ ਦਿਓ,
ਸਭ ਸੰਕਟ ਆਪ ਨਿਵਾਰ ਦਿਓ,
ਅਸਾਂ ਸਰਨ ਮਸਾਂ ਇਹ ਭਾਲੀ ਏ।

ਅਜ ਕਸਰ ਨਾ ਕੋਈ ਰਹਿ ਜਾਏ,
ਮਲ ਅੰਦਰਲੀ ਸਭ ਲਹਿ ਜਾਏ,
ਤੂਫ਼ਾਨ ਦੁੱਖਾਂ ਦਾ ਬਹਿ ਜਾਏ,
ਸੁਖ-ਦਾਇਕ ਨਾਲ ਖ਼ਿਆਲੀ ਏ।

ਬਖ਼ਸ਼ਿਸ਼ ਦਾ ਦੁਆਰਾ ਖੁੱਲ੍ਹਿਆ ਰਹੇ,
ਮੇਰੇ ਭਾਗਾਂ ਦਾ ਵਰਕਾ ਥੁੱਲਿਆ ਰਹੇ,
ਇਸ ਖ਼ਾਕ 'ਚ ਤਨ ਮਨ ਰੁਲਿਆ ਰਹੇ,
ਤੁਸਾਂ ਲਾਜ ਸਦਾ ਹੀ ਪਾਲੀ ਏ।

ਮੇਰੇ ਕੋਲ ਕੀਹ ਏ ਜਿਦ੍ਹਾ ਮਾਨ ਕਰਾਂ,
ਕਿਹੜੇ ਸ਼ਬਦਾਂ ਸੰਗ ਸਨਮਾਨ ਕਰਾਂ,
'ਅਮਰੀਕ' ਦੀ ਜਿੰਦ ਕੁਰਬਾਨ ਕਰਾਂ,
ਕਿਸ ਮਤਲਬ ਲਈ ਸੰਭਾਲੀ ਏ।



Sri Satguru Jagjit Singh Ji Elibrary NamdhariElibrary@gmail.com

# ਤੁਸੀਂ ਮਿਲੇ

ਤੁਸੀ ਮਿਲੇ ਧਰਤੀ ਤੋਂ ਅਜ ਅਸੀਂ ਗਿੱਠ ਗਿੱਠ ਉੱਚੇ ਹੋਏ।
ਰੋਮ ਰੋਮ ਵਿਚ ਪਿਆਰ ਦੇ ਜੀਕਰ ਉਠ ਭਰਨਾਟ ਖਲੋਏ।

ਤੁਸੀਂ ਮਿਲੇ ਬਿਨ ਬਾਦਲ ਜੀਕਰ ਅਜ ਬਰਸਾਤਾਂ ਹੋਈਆਂ,
ਤ੍ਰਿਪਤ ਹੋਇਆ ਏ ਤਨ ਮਨ ਸਾਡਾ ਸਭ ਤ੍ਰਿਸ਼ਨਾਵਾਂ ਮੋਈਆਂ।

ਤੁਸੀਂ ਮਿਲੇ ਤਾਂ ਸਾਡੇ ਅੰਦਰੋਂ ਪਿਆਰ ਦਾ ਸੋਮਾ ਫੁੱਟਿਆ,
ਜਿਸ ਨੇ ਅੰਗ ਅੰਗ ਅਜ ਸਾਡਾ, ਰਸ ਰਸ ਹੈ ਕਰ ਸੁੱਟਿਆ।

ਤੁਸੀਂ ਮਿਲੇ ਤਾਂ ਲੋੜ ਅਸਾਡੀ ਹਰ ਇਕ ਪੂਰੀ ਹੋਈ,
ਕੋਈ ਮੰਗ ਉਮੰਗ ਰਹੀ ਨਾਂ, ਕਰੀ ਤੁਸਾਂ ਦਿਲ ਜੋਈ।

ਤੁਸੀਂ ਮਿਲੇ ਅਸੀਂ ਦੀਵਾਨੇ ਹੋ ਨੱਚ ਨੱਚ ਹੋਏ ਫਾਵੇ,
ਜੀ ਕਰਦੈ ਅਸੀਂ ਸਾਰੇ ਜਗ ਨੂੰ ਭਰੀਏ ਵਿਚ ਕਲਾਵੇ।

ਤੁਸੀਂ ਮਿਲੇ ਤਾਂ ਮੈਲ ਮਨਾਂ ਦੀ, ਲਹਿੰਦੀ ਨਜ਼ਰ ਨਾ ਆਈ,
ਸਾਡੇ ਅੰਦਰ ਬਾਹਰ ਦੀ ਤੁਸਾਂ, ਐਸੀ ਕਰੀ ਸਫਾਈ।

ਤੁਸੀਂ ਮਿਲੇ ਅਜ ਸਾਰਾ ਜਗ ਹੀ, ਚੰਗਾ ਚੰਗਾ ਲੱਗਿਆ,
ਦੂਰ ਹਨੇਰਾ ਹੋਇਆ ਸਾਰਾ, ਚਾਨਣ ਦਾ ਹੜ ਵੱਗਿਆ।

ਤੁਸੀਂ ਮਿਲੇ ਅਜ ਚਾਰ ਚੁਫੇਰੇ, ਫੇਰ ਬਹਾਰਾਂ ਆਈਆਂ,
ਹਾੜ ਤਪੰਦੇ ਮੌਸਮ ਦੇ ਵਿਚ, ਘਟਾਂ ਕਾਲੀਆਂ ਛਾਈਆਂ।

ਤੁਸੀਂ ਮਿਲੇ ਅਸੀਂ ਬੇ-ਮੁਲੇ, ਅਜ ਹੋਏ ਸਦ ਵੱਡ-ਮੁੱਲੇ,
ਤੁਸਾਂ ਅਸਾਡੇ ਮੰਦ ਭਾਗਾਂ ਦੇ, ਹੱਥੀਂ ਵਰਕੇ ਖੁੱਲੇ।

ਤੁਸੀਂ ਮਿਲੇ ਤਾਂ ਜਨਮ ਜਨਮ ਦੀਆਂ, ਹੋਈਆਂ ਦੂਰ ਬਲਾਵਾਂ,
ਖ਼ੁਸ਼ੀਆਂ ਨਾਲ ਅਸਾਂ ਨੇ ਵੇਖੋ, ਲੈ ਲਈਆਂ ਫਿਰ ਲਾਵਾਂ।



Sri Satguru Jagjit Singh Ji Elibrary NamdhariElibrary@gmail.com

ਤੁਸੀਂ ਮਿਲੇ ਤਾਂ ਅਗਲੇ ਪਿਛਲੇ, ਡਰ ਸਾਡੇ ਸੱਭ ਲੱਥੇ,
ਬਦ-ਬਖ਼ਤੀ ਦੀ ਇਕ ਲੀਕ ਵੀ ਰਹੀ ਨਾਂ ਸਾਡੇ ਮੱਥੇ।

ਤੁਸੀਂ ਮਿਲੇ ਆਸਾਂ ਦੇ ਬਾਗੀਂ ਮੁੜ ਆਈ ਹਰਿਆਲੀ,
ਮਹਾਂ-ਅਨੰਦਿਤ ਜੀਵਨ ਦੇ ਸੰਗ, ਸਾਡੀ ਪਈ ਭਿਆਲੀ।

ਤੁਸੀਂ ਮਿਲੇ ਤਾਂ ਮਨ ਸਾਡੇ ਵਿਚ ਉੱਠੀਆਂ ਪਿਆਰ ਤਰੰਗਾਂ,
ਜੀ ਕਰਦੈ ਮੈਂ ਅਪਣਾਂ ਸਭ ਕੁਝ, ਤੁਸਾਂ ਦੇ ਰੰਗ ਵਿਚ ਰੰਗਾਂ।

ਤੁਸੀਂ ਮਿਲੇ ਮਨ-ਮੰਦਰ ਅੰਦਰ, ਅਨਹਦ ਵਾਜੇ ਵੱਜੇ,
ਭਰਮ ਭੁਲੇਖੇ ਮਨ ਸਾਡੇ ਦੇ ਪੂਛ ਦਬਾ ਕੇ ਭੱਜੇ।

ਤੁਸੀ ਮਿਲੇ ਜਜ਼ਬਾਤ ਅਸਾਡੇ ਮਚਲੇ ਬੇ-ਵੱਸ ਹੋਏ,
ਇੰਦ ਲਗਦਾ ਏ ਖ਼ੁਸ਼ਬੂਆਂ ਦੇ ਮਿਲੇ ਅਸਾਨੂੰ ਢੋਏ।

ਤੁਸੀ ਮਿਲੇ ਅਸਾਂ ਦਿਲ ਦੀਆਂ ਗੱਲਾਂ ਕਰੀਆਂ ਆਪ ਮੁਹਾਰੇ,
ਸਿੰਮ ਪਏ ਨੇ ਅੰਦਰ ਸਾਡੇ ਦਾਇਮੀ ਪ੍ਰੀਤ ਫੁਹਾਰੇ।



Sri Satguru Jagjit Singh Ji Elibrary NamdhariElibrary@gmail.com

# ਬੂਹੇ ਤੇ ਝੁਕ ਜਾਈਏ

ਗੁਨਾਹ ਗਾਰਾਂ ਨੂੰ ਬਖ਼ਸ਼ਨ ਹਾਰ ਦੇ ਬੂਹੇ ਤੇ ਝੁਕ ਜਾਈਏ।
ਇਸ਼ਾਰੇ ਨਾਲ ਭਰ ਦੇਂਦੈ ਜ਼ਰਾ ਝੋਲੀ ਤਾਂ ਫੈਲਾਈਏ।

ਉਹ ਲੜ ਲਗਿਆਂ ਦੀ ਹਰ ਖ਼ਾਹਸ਼ ਹਮੇਸ਼ਾਂ ਪੂਰਿਆਂ ਕਰਦੈ,
ਅਜੇਹੇ ਬਖ਼ਸ਼ਸ਼ਾਂ ਦੇ ਬਾਰ ਨੂੰ ਜਾ ਕੇ ਤਾਂ ਖੜਕਾਈਏ।

ਨਿਰਾਸ਼ਾ ਨਾ ਉਮੀਦੀ ਨੂੰ ਜੜ੍ਹੋਂ ਪੁੱਟ ਕੇ ਵਖਾ ਦੇਂਦੈ,
ਨਹੀਂ ਇਤਬਾਰ ਜੇ ਆਉਂਦਾ ਤਾਂ ਏਥੇ ਆ ਕੇ ਅਜ਼ਮਾਈਏ।

ਉਹ ਖ਼ੁਸ਼ੀਆਂ ਖੇੜਿਆਂ ਦਾ ਹੈ ਮਹਾ-ਭੰਡਾਰ ਹੀ ਸਮਝੋ,
ਉਹ ਖੁਲ੍ਹਦੈ ਪਿਆਰ ਦੀ ਨਿੱਕੀ ਜਹੀ ਕੁੰਜੀ ਜ਼ਰਾ ਲਾਈਏ।

ਚਲੋ ਆਪੇ ਨੂੰ ਛਡ ਕੇ ਉਸ ਮਹਾਂ ਸ਼ਕਤੀ ਦਾ ਅੰਗ ਬਣੀਏ,
ਨਦੀ ਵਿਚ ਕਤਰੇ ਵਾਂਗੂ ਰਲ ਨਦੀ ਹੀ ਨਾਮ ਧਰਵਾਈਏ।

ਮੇਰੇ ਵਰਗੇ ਹਜ਼ਾਰਾਂ ਹੀ ਵਰੋਸਾਏ ਗਏ ਏਥੋਂ,
ਅਸੀਂ ਵੀ ਉਲਝਣਾਂ ਜੀਵਨ ਦੀਆਂ ਏਥੋਂ ਹੀ ਸੁਲਝਾਈਏ।

ਜ਼ਮਾਨਾਂ ਕੁਝ ਕਹੇ ਮੈਂ ਸੱਚ ਕਹਿਣੋਂ ਰਹਿ ਨਹੀਂ ਸਕਦਾ,
ਉਹ ਪਾਰਸ ਹੈ ਬਣੋ ਪਾਰਸ ਕਿਤੇ ਛੋਹ ਉਸ ਦੀ ਇਕ ਪਾਈਏ।

ਉਹ ਬਦ-ਰੰਗਾਂ ਨੂੰ ਅਪਣੇ ਰੰਗ ਵਿਚ ਝਟ ਪਟ ਹੈ ਰੰਗ ਲੈਂਦਾ,
ਅਸੀਂ ਵੀ ਆਓ ਏਥੋਂ ਮਸਤੀਆਂ ਦਾ ਰੰਗ ਚੜ੍ਹਵਾਈਏ।

ਇਹ ਦਰ ਐਸੈ ਕੋਈ ਨਿਰਮਾਣ ਹੋ ਕੇ ਸਿਰ ਝੁਕਾ ਦੇਵੇ,
ਸਦੀਵੀ ਸੁਖ ਮਿਲੇ ਜੇ ਅਪਣਾ ਮਨ ਏਥੇ ਹੀ ਠਹਿਰਾਈਏ।

ਤੇਰਾ ਵੀ ਬਦਲਿਆ ਜਾਣੈ ਨਸੀਬ ਆ ਤਾਂ ਸਹੀ ਏਥੇ,
ਐ ਦੁਨੀਆਂ ਵਾਲਿਓ 'ਅਮਰੀਕ' ਨੂੰ ਇਹ ਗੱਲ ਤਾਂ ਸਮਝਾਈਏ।



Sri Satguru Jagjit Singh Ji Elibrary NamdhariElibrary@gmail.com

# ਅਜ ਅਚਾਨਕ

ਅਜ ਅਚਾਨਕ ਤੇਰਾ ਜਾਂ ਦੀਦਾਰ ਹੋ ਗਇਆ।
ਸਮਝ ਲਵੋ ਭਵ ਸਾਗਰੋਂ ਮੈਂ ਪਾਰ ਹੋ ਗਇਆ।

ਸੁੱਧ ਦੀ ਸੁੱਧ ਨ ਰਹੀ ਬੁੱਧ ਦੀ ਬੁੱਧ ਨ ਰਹੀ,
ਬੇ-ਖ਼ੁਦੀ ਦੇ ਅਸਪ ਤੇ ਸਵਾਰ ਹੋ ਗਇਆ।

ਪਿਆਰਾ ਪਿਆਰਾ ਇਹ ਲਗਦਾ ਏ ਸਾਰਾ ਜਹਾਂ,
ਮੈਂ ਖ਼ੁਸ਼ੀ ਵਿਚ ਹਾਂ ਇਤਨਾਂ ਉਲਾਰ ਹੋ ਗਇਆ।

ਮੇਰੇ ਅੰਦਰੋਂ ਪਈ ਮਹਿਕ ਧਾਰਾ ਵਹੇ,
ਹਿਰਦਾ ਖਿੜੀ ਹੋਈ ਇਕ ਗ਼ੁਲਜ਼ਾਰ ਹੋ ਗਇਆ।

ਲੱਭ ਪਿਆ ਜਿਵੇਂ ਮੈਨੂੰ ਕਿਤੋਂ ਦੱਬਿਆ ਖ਼ਜ਼ਾਨਾ,
ਸੋਚਾਂ ਫ਼ਿਕਰਾਂ ਦੇ ਘੇਰਿਆਂ ਤੋਂ ਬਾਹਰ ਹੋ ਗਇਆ।

ਮੈਂ ਸੁਲੱਖਣੀ ਘੜੀ ਉਸ ਦਾ ਮੁੱਲ ਕੀ ਦਿਆਂ,
ਤੈਨੂੰ ਮਿਲ ਕੇ ਜਦੋਂ ਠੰਢਾ ਠਾਰ ਹੋ ਗਇਆ।

ਤੇਰੀ ਸੂਰਤ ਜਿਹਾ ਕੌਣ ਦੱਸ ਹੋਰ ਹੈ,
ਸਾਰੀ ਦੁਨੀਆਂ ਚੋਂ ਭਾਲ ਭਾਲ ਹਾਰ ਹੋ ਗਇਆ।

ਅਪਣੇ ਜਜ਼ਬਾਤ ਨੂੰ ਮੈਂ ਲੁਕਾਇਆ ਬੜਾ,
ਐਪਰ ਮੱਲੋ-ਮੱਲੀ ਅਜ ਇਜ਼ਹਾਰ ਹੋ ਗਇਆ।

ਕਿਹੜੇ ਮੱਕੇ ਜਾਂ ਮਦੀਨੇ ਦੀ ਮੈਂ ਚਾਹਤ ਕਰਾਂ,
ਸੌ ਸੌ ਕਾਬਿਆਂ ਜਿਹਾ ਤੇਰਾ ਦੁਆਰ ਹੋ ਗਇਆ।

ਅਜ ਨ ਪੁਛਿਓ ਕੀ ਹਾਲਤ ਹੈ 'ਅਮਰੀਕ' ਦੀ,
ਮਸਤ-ਲੋਕਾਂ ਵਿਚ ਇਹਦਾ ਵੀ ਸ਼ੁਮਾਰ ਹੋ ਗਇਆ।



Sri Satguru Jagjit Singh Ji Elibrary NamdhariElibrary@gmail.com

# ਤੁਰ ਗਏ ਹੋ

ਤੁਰ ਗਏ ਹੋ ਬਿਨਾਂ ਦੀਦਾਰ ਦਿਆਂ ਕਿਸ ਕਾਰਨ ਹੋ ਨਾਰਾਜ਼ ਗਏ।
ਸਾਨੂੰ ਕੋਈ ਵੀ ਉੱਸਰਦੀ ਬਣਦੀ ਨਹੀਂ, ਬੇ-ਸੁਰੇ ਹੋ ਜੀਵਨ ਸਾਜ਼ ਗਏ।

ਤੁਸੀਂ ਆਏ ਤੇ ਆ ਕੇ ਚਲੇ ਗਏ ਅਸਾਂ ਮੂੰਹ ਵਿਚ ਉਂਗਲੀ ਪਾਈ ਏ,
ਕਿਓਂ ਬਿਨ ਮਿਲਿਆਂ ਹੀ ਪਰਤੇ ਹੋ, ਰਖ ਸੀਨੇ ਵਿਚ ਇਹ ਰਾਜ਼ ਗਏ।

ਮੰਨਿਆਂ ਹੋ ਬੜੇ ਮਸਰੂਫ ਤੁਸੀਂ ਇਕ ਪਲ ਇਕ ਛਿਨ ਦੀ ਵਿਹਲ ਨਹੀਂ,
ਸਾਨੂੰ ਵੀ ਸਹਾਰਾ ਹੋਰ ਨਹੀਂ, ਦੁਖ ਵਧ ਹੁਣ ਬੇ-ਅੰਦਾਜ਼ ਗਏ।

ਇਸ ਉਮਰ ਤੇ ਰੁੱਤ ਸੁਹਾਵਣੀ ਵਿਚ ਐਵੇਂ ਕਿਉਂ ਰੁੱਸ ਰੁੱਸ ਬਹਿੰਦੇ ਓ,
ਇਹਨਾਂ ਰੋਸਿਆਂ ਦੇ ਕਾਰਨ ਅਜ ਸਾਥੋਂ ਸੁਖ ਸਾਰੇ ਕਰ ਪਰਵਾਜ਼ ਗਏ।

ਸਾਡਾ ਤਨ-ਮਨ ਸਾਡੀ ਰੂਹ ਵੇਖੋ, ਸਾਰੇ ਹੀ ਬਿਸਮਲ ਹੋਏ ਨੇ,
ਸੁਣ ਕੇ ਬਿਨ ਮਿਲਿਆ ਪਰਤ ਗਏ, ਸਾਡੇ ਹੋਸ਼ ਹੋ ਬੇ-ਆਵਾਜ਼ ਗਏ।

ਸਾਨੂੰ ਗੱਲਾਂ ਗਲ ਗਲ ਆਈਆਂ ਨੇ, ਜੋ ਨਾਲ ਤੁਸਾਂ ਨ ਹੋ ਸਕੀਆਂ,
ਸਾਡਾ ਆਪਾ ਹੀ ਸਾਡੇ ਤੋਂ ਪੁੱਛਦਾ ਏ, ਕਿਓਂ ਏਸ ਤਰ੍ਹਾਂ ਹਮਰਾਜ਼ ਗਏ।

ਕੋਮਲ ਹੋ ਤੁਸੀਂ ਤਾਂ ਫੁੱਲ ਵਰਗੇ, ਕੰਡਿਆਂ ਵਿਚ ਹਰਦਮ ਰਹਿੰਦੇ ਓ,
ਤਕ ਤੁਸਾਂ ਦੀ ਇਸ ਮਜਬੂਰੀ ਨੂੰ, ਕਾਫੂਰ ਹੋ ਸਭ ਇਤਰਾਜ਼ ਗਏ।

ਅਸੀਂ ਜਨਮ ਜਨਮ ਦੇ ਰੋਗੀ ਹਾਂ, ਦੀਦਾਰ ਤੁਸਾਂ ਦੇ ਜਾਦੂ ਅਸਰ,
'ਅਮਰੀਕ' ਨੂੰ ਜੇਕਰ ਮਿਲ ਜਾਏ ਕਹਿੰਦਾ ਦੁਖ ਦੂਰ ਦਰਾਜ਼ ਗਏ।



Sri Satguru Jagjit Singh Ji Elibrary NamdhariElibrary@gmail.com

# ਜੀਵਨ ਦਾਨ ਦਿਓ

ਪ੍ਰੀਤਮ ਜੀ ਜੀਵਨ ਦਾਨ ਦਿਓ।
ਇਸ ਦਰ ਤੇ ਰਹਿਣ ਦਾ ਮਾਣ ਦਿਓ।

ਹੋ ਏਸੇ ਦਰ ਦੇ ਰਹਿ ਜਾਈਏ,
ਮੰਨ ਭਾਣਾਂ ਦੁਖ ਸੁਖ ਸਹਿ ਜਾਈਏ,
ਸੱਜਣ ਦੇ ਵਹਿਣ 'ਚ ਵਹਿ ਜਾਈਏ,
ਕਰੋ ਮਿਹਰ ਤੇ ਇਕ ਵਰਦਾਨ ਦਿਓ।

ਹਉਮੈਂ ਛਡ ਏਥੇ ਆਏ ਹਾਂ,
ਮੰਦ-ਕਰਨੀ ਤੇ ਪਛਤਾਏ ਹਾਂ,
ਜੱਗ ਹਥੋਂ ਬਹੁਤ ਸਤਾਏ ਹਾਂ,
ਪੂਰੇ ਹੋਣ ਸਾਡੇ ਅਰਮਾਨ ਦਿਓ।

ਹੋਣਾਂ ਹੋਰ ਕਿਤੇ ਵੀ ਗੁਜ਼ਾਰਾ ਨਹੀਂ,
ਬਿਨਾ ਆਪ ਦੇ ਕੋਈ ਸਹਾਰਾ ਨਹੀਂ,
ਕੋਈ ਤਕਣਾਂ ਹੋਰ ਦੁਆਰਾ ਨਹੀਂ,
ਏਥੇ ਹੀ ਮਰ ਮੁਕ ਜਾਣ ਦਿਓ।

ਏਥੇ ਸੁਖ ਸਮਰਿਧੀਆਂ ਰੁਲਣ ਪਈਆਂ,
ਕੰਢਿਆਂ ਤੋਂ ਖ਼ੁਸ਼ੀਆਂ ਡੁਲ੍ਹਣ ਪਈਆਂ,
ਸਭ ਗ਼ਮੀਆਂ ਅਸਲੋਂ ਭੁਲਣ ਪਈਆਂ,
'ਅਮਰੀਕ' ਨੂੰ ਝੋਲ ਫੈਲਾਣ ਦਿਓ।



Sri Satguru Jagjit Singh Ji Elibrary NamdhariElibrary@gmail.com

# ਕਰੋ ਮਿਹਰ ਨਜ਼ਰ

ਮੰਝਧਾਰ 'ਚ ਨਾਵ ਹੈ ਜੀਵਨ ਦੀ,
ਕਰੋ ਮਿਹਰ ਨਜ਼ਰ ਤੇ ਪਾਰ ਕਰੋ।
ਟੁੱਟ ਗਏ ਸਹਾਰੇ ਹੋਰ ਸਭੀ,
ਮੈਨੂੰ ਓਟ ਦਿਓ ਉਪਕਾਰ ਕਰੋ।

ਮੇਰੀ ਵਾਤ ਕਿਸੇ ਨੇ ਪੁੱਛਣੀ ਨਹੀਂ,
ਗਲੀਆਂ ਵਿਚ ਰੁਲਦੇ ਕੱਖ ਵਾਂਗੂ,
ਛੋਹ ਅਪਣੀ ਦਿਓ ਵੱਡ ਮੁੱਲਿਆਂ ਬਣਾ,
ਮੇਰੇ ਵਿੰਗ ਟੇਢਾਂ ਦਾ ਸੁਧਾਰ ਕਰੋ।

ਸਾਰੀ ਦੁਨੀਆਂ ਭੁਆ ਲੈ ਪਿੱਠ ਭਾਵੇਂ,
ਤੁਸੀਂ ਸਾਹਮਣੇ ਰਹੋ ਸਨਮੁਖ ਮੈਂ ਰਹਾਂ,
ਕੋਈ ਫਿਕਰ ਨਾਂ ਰਹਿ ਜਾਏ ਤਿਲ ਭਰ ਵੀ,
ਮੇਰੇ ਰਾਹਾਂ ਚੋਂ ਦੂਰ ਇਹ ਖ਼ਾਰ ਕਰੋ।

ਅਪਣੇ ਦਿਲ ਅੰਦਰ ਥਾਂ ਦੇਵੋ,
ਕੋਈ ਹੋਰ ਤਮੰਨਾ ਮੇਰੀ ਨਹੀਂ,
ਮੇਰੇ ਜਹੇ ਮਹਾਂ-ਗੁਨਾਹੀਆਂ ਲਈ,
ਬੰਦ ਬਖਸ਼ਿਸ਼ ਦੇ ਨਾ ਦੁਆਰ ਕਰੋ।

ਸਮਝਾਂਗਾ ਕਿ ਸਫਲ ਹੈ ਜਨਮ ਮਿਰਾ,
ਤੇਰੇ ਦਰ ਦੀ ਖ਼ਾਕ 'ਚ ਰੁਲ ਜਾਵਾਂ,
ਦੁਨੀਆਂ ਤੇ ਜਦੋਂ ਵੀ ਮੁੜ ਆਵਾਂ,
ਐਸੀ ਕਾਰ ਮੈਨੂੰ ਹਰ ਵਾਰ ਕਰੋ।

ਮੁਨਕਰ ਜੋ ਤੁਸਾਂ ਤੋਂ ਹੋ ਬੈਠਾ,
ਉਸ ਜੇਹਾ ਕੋਈ ਬਦ-ਬਖ਼ਤ ਨਹੀਂ,
'ਅਮਰੀਕ' ਨੂੰ ਵੀ ਕੋਈ ਅਕਲ ਦਿਓ,
ਇਹਦੀ ਮੰਦ-ਬੁਧੀ ਨੂੰ ਹਾਰ ਦਿਓ।



Sri Satguru Jagjit Singh Ji Elibrary NamdhariElibrary@gmail.com

# ਤੇਰੀ ਦੀਦ ਪਾ ਕੇ

ਤੇਰੀ ਦੀਦ ਪਾ ਕੇ ਮੈਨੂੰ ਕਿੰਨਾਂ ਲਾਭ ਹੋ ਗਿਆ।
ਘਰੇ ਬੈਠੇ ਕਈ ਹੱਜਾਂ ਦਾ ਸੁਆਬ ਹੋ ਗਿਆ।

ਮੇਰੇ ਤਨ ਮਨ ਤਾਈਂ ਐਸਾ ਚੜ੍ਹਿਆ ਖੁਮਾਰ,
ਜਿਵੇਂ ਮਸਤੀਆਂ ਦਾ ਅਚਨਚੇਤੀ ਖੁਲ੍ਹਿਆ ਦੁਆਰ,
ਮੇਰਾ ਉੱਜਲ ਨਸੀਬ ਬੇ ਹਿਸਾਬ ਹੋ ਗਿਆ।

ਮੈਨੂੰ ਸਾਰੇ ਹੀ ਪੜੋਸੀ ਨੇ ਵਧਾਈ ਦੇਣ ਆਏ,
ਦੇਵ ਲੋਕਾਂ ਮੇਰੇ ਉੱਤੇ ਫੁੱਲਾਂ ਫੁੱਲ ਬਰਸਾਏ,
ਮੇਰਾ ਆਪਾ ਅਜ ਖਿੜਿਆ ਗੁਲਾਬ ਹੋ ਗਿਆ।

ਮੁੱਕ ਗਈਆਂ ਨੇ ਪਿਆਸਾਂ ਤ੍ਰਿਸ਼ਨਾਵਾਂ ਨਹੀਂ ਰਹੀਆਂ,
ਕਈ ਜਨਮਾਂ ਤੋਂ ਮੇਰੇ ਜੋ ਸਰੀਰ ਨੇ ਸੀ ਸਹੀਆਂ,
ਅਜ ਪੂਰਾ ਮੇਰਾ ਜ਼ਿੰਦਗੀ ਦਾ ਖ਼ਾਬ ਹੋ ਗਿਆ।

ਉੱਕਾ ਸੁਰਖਰੂ ਹੋਇਆਂ ਪਾਟ ਗਏ ਸਭ ਲੇਖੇ,
ਸ਼ੀਸ਼ੇ ਵਾਂਗ ਸਾਫ਼ ਹੋਇਆਂ ਮਿਟੇ ਭਰਮ ਭੁਲੇਖੇ,
ਧਰਮ ਰਾਜ ਵਾਲਾ ਹਊਆ ਬੇ-ਨਿਕਾਬ ਹੋ ਗਿਆ।

ਮੇਰੇ ਅੰਦਰੋਂ ਵਿਰੋਧਾਂ ਵਾਲੀ ਅੱਗ ਬੁਝ ਗਈ ਏ,
ਅੱਗਾ ਪਿੱਛਾ ਸੌਰ ਗਿਆ ਮੈਨੂੰ ਹੁਣੇ ਸੁੱਝ ਗਈ ਏ,
ਮੰਦੀ ਸੋਚ ਵਾਲਾ ਖ਼ਾਨਾਂ ਹੀ ਖਰਾਬ ਹੋ ਗਿਆ।

ਅਪਣੀ ਵਿਥਿਆ ਮੈਂ ਸਾਰੀ ਜਦੋਂ ਲੋਕਾਂ ਨੂੰ ਸੁਨਾਈ,
ਹੋਏ ਬੜੇ ਹੀ ਹੈਰਾਨ ਉਂਗਲ ਮੂੰਹ ਵਿਚ ਪਾਈ,
ਸੁਣਦੇ ਸਾਰ 'ਅਮਰੀਕ' ਵੀ ਬੇਤਾਬ ਹੋ ਗਿਆ।



Sri Satguru Jagjit Singh Ji Elibrary NamdhariElibrary@gmail.com

# ਰਾਹਾਂ ਉਤੋਂ ਬਲ ਬਲ ਜਾਵਾਂ

ਉਹਨਾਂ ਰਾਹਾਂ ਉਤੋਂ ਬਲ ਬਲ ਜਾਵਾਂ,
ਜਿਥੋਂ ਇਕ ਵਾਰ ਲੰਘੇ ਹੋ।
ਫੁੱਲਾਂ ਨਾਲ ਉਹਨਾਂ ਰਾਹਾਂ ਨੂੰ ਸਜਾਵਾਂ,
ਜਿਥੋਂ ਇਕ ਵਾਰ ਲੰਘੇ ਹੋ।

ਤੀਰਥਾਂ ਤੋਂ ਵੱਧ ਇਹ ਪਵਿਤਰ ਨੇ ਰਾਹਾਂ,
ਹੋਰ ਕਿਸ ਤੀਰਥ ਤੇ ਜਾਣਾ ਨਹੀਂ ਚਾਹਾਂ,
ਸੌ ਸੌ ਵਾਰ ਸਿਰ ਅਪਣਾ ਝੁਕਾਵਾਂ,
ਜਿਥੋਂ ਇਕ ਵਾਰ ਲੰਘੇ ਹੋ।

ਇਕ ਇਕ ਪਲ ਮੈਨੂੰ ਅਜੇ ਤਕ ਯਾਦ ਏ,
ਜਦੋਂ ਤੁਸਾਂ ਕੀਤਾ ਇਹਨਾਂ ਰਾਹਾਂ ਨੂੰ ਆਬਾਦ ਏ,
ਇਹਨਾਂ ਪਲਾਂ ਉਤੋਂ ਜਿੰਦੜੀ ਘੁਮਾਵਾਂ,
ਜਿਥੋਂ ਇਕ ਵਾਰ ਲੰਘੇ ਹੋ।

ਧੂੜ ਇਹਨਾਂ ਰਾਹਾਂ ਦੀ ਮੈਂ ਜਦੋਂ ਮੱਥੇ ਲਾਈ ਸੀ,
ਨਵੀਂਓਂ ਨਕੋਰ ਮੇਰੀ ਕਾਇਆ ਦਿੱਸ ਆਈ ਸੀ,
ਕਿਉਂ ਨਾ ਲੱਖ ਲੱਖ ਸ਼ੁਕਰ ਮਨਾਵਾਂ,
ਜਿਥੋਂ ਇਕ ਵਾਰ ਲੰਘੇ ਹੋ।

ਇਹਨਾਂ ਰਾਹਾਂ ਮੇਰਾ ਐਸਾ ਜਨਮ ਸਵਾਰਿਆ,
ਭਾਰ ਮੇਰੇ ਮਨੋ ਅੱਗੇ ਪਿਛੇ ਦਾ ਉਤਾਰਿਆ,
ਦੂਰ ਹੋਈਆਂ ਸਭ ਮੇਰੀਆਂ ਬਲਾਵਾਂ,
ਜਿਥੋਂ ਇਕ ਵਾਰ ਲੰਘੇ ਹੋ।

ਪੂਜਦੇ ਨੇ ਸਾਰੇ ਲੋਕ ਇਹਨਾਂ ਰਾਹਾਂ ਤਾਈਂ,
ਤੂੰ ਵੀ 'ਅਮਰੀਕ' ਇਹਨਾਂ ਨਾਲ ਰਲ ਜਾਈਂ,
ਤਾਂ ਹੀ ਹੋਣਾ ਏ ਤੇਰਾ ਵੀ ਮਨ ਸਾਵਾਂ,
ਜਿਥੋਂ ਇਕ ਵਾਰ ਲੰਘੇ ਹੋ।



Sri Satguru Jagjit Singh Ji Elibrary NamdhariElibrary@gmail.com

# ਸੀਨਾ ਠਾਰ ਗਏ ਓ

ਭਾਵੇਂ ਲੰਘ ਗਏ ਓ ਕੋਲੋਂ ਸੀਨਾਂ ਠਾਰ ਗਏ ਓ।
ਏਨੇ ਨਾਲ ਮੇਰਾ ਕੰਮ ਬੜਾ ਸਾਰ ਗਏ ਓ।

ਨਿੱਕੀ ਜਹੀ ਮੁਲਾਕਾਤ ਐਸਾ ਜਾਦੂ ਕਰ ਗਈ,
ਮੇਰੇ ਚਾਵਾਂ ਦੀ ਚੰਗੇਰ ਮਹਿਕਾਂ ਨਾਲ ਭਰ ਗਈ,
ਗ਼ਮਾਂ ਫ਼ਿਕਰਾਂ ਦੇ ਸਾਗਰਾਂ ਚੋਂ ਤਾਰ ਗਏ ਓ।

ਜਿੱਥੇ ਮਿਲੇ ਓਸ ਜਗਾਹ ਨੂੰ ਮੈਂ ਧੰਨ ਧੰਨ ਕਹਾਂ,
ਦਿਲ ਦਾ ਅਰਮਾਨ ਹੈ ਇਹਨੂੰ ਪੂਜਦਾ ਹੀ ਰਹਾਂ,
ਸਾਰੇ ਭਰਮ ਭੁਲੇਖੇ ਹੀ ਉਤਾਰ ਗਏ ਓ।

ਧੂੜ ਚਰਨਾਂ ਦੀ ਚੁੱਕ ਅਸਾਂ ਮੱਥੇ ਜਦੋਂ ਲਾਈ,
ਸਾਡੇ ਸੁੱਤਿਆਂ ਨਸੀਬਾਂ ਲਈ ਉਠ ਅੰਗੜਾਈ,
ਸਾਰੇ ਅੰਦਰਲੇ ਕੂੜੇ ਨੂੰ ਬੁਹਾਰ ਗਏ ਓ।

ਕੋਈ ਗ਼ਮ ਨਹੀਂ ਤੁਸੀਂ ਮੇਰੇ ਪਾਸ ਨਹੀਂ ਠਹਿਰੇ,
ਫਿਰ ਵੀ ਜਾਪਦਾ ਏ ਦਿਨ ਮੇਰੇ ਆਉਣਗੇ ਸੁਨਹਿਰੇ,
ਮੇਰੇ ਧੁੰਦਲੇ ਭਵਿੱਖ ਨੂੰ ਨਿਖਾਰ ਗਏ ਓ।

ਕਿਹੜੀ ਗੱਲ ਦਾ ਮੈਂ ਦੱਸੋ ਕਰਾਂ ਮਾਨ ਜਾਂ ਗੁਮਾਨ,
ਮੈਂ ਹਾਂ ਨੀਵਿਆਂ ਤੋਂ ਨੀਵਾਂ ਸ਼ਾਨ ਤੁਸਾਂ ਦੀ ਮਹਾਨ,
ਨੀਵਾਂ ਹੁੰਦਿਆਂ ਵੀ ਉਚਿਆਂ ਖਲ੍ਹਾਰ ਗਏ ਓ।

ਦੱਸਾਂ ਅੰਦਰ ਦੀ ਗਲ ਪੀਆ ਸੁਣੋ ਕੰਨ ਲਾ ਕੇ,
ਮੈਨੂੰ ਭੁੱਲ ਨਹੀ ਜਾਣਾ ਰਖੋ ਮਨ 'ਚ ਵਸਾ ਕੇ,
ਅੱਗਾ ਪਿਛਾ 'ਅਮਰੀਕ' ਦਾ ਸੁਆਰ ਗਏ ਓ।



Sri Satguru Jagjit Singh Ji Elibrary NamdhariElibrary@gmail.com

# ਦਰਬਾਨ ਬਣ ਰਹਾਂ

ਚਾਹਾਂ ਕਿ ਇਸ ਦਰ ਦਾ ਦਰਬਾਨ ਬਣ ਰਹਾਂ।
ਸਾਰੀ ਉਮਰ ਹੀ ਤੇਰਾ ਕਦਰਦਾਨ ਬਣ ਰਹਾਂ।

ਦਿਸਦਾ ਨਹੀਂ ਜਹਾਨ ਤੇ ਕੋਈ ਤੇਰੇ ਜਿਹਾ,
ਅਜ਼ਮਤ ਤੇਰੀ ਤੋਂ ਕਿਉਂ ਫਿਰ ਅਣਜਾਨ ਬਣ ਰਹਾਂ।

ਮਨਜ਼ੂਰੇ ਤੇਰੇ ਦਰ ਤੇ ਰੁਲਨਾ ਹਜ਼ਾਰ ਸਾਲ,
ਕਿਸੇ ਹੋਰ ਸਵਰਗ ਦਾ ਕਿਉਂ ਚਾਹਵਾਨ ਬਣ ਰਹਾਂ।

ਮੁਸ਼ਕਲ ਮੇਰੀ ਹਰੇਕ ਦੇ ਮੁਸ਼ਕਲ ਕੁਸ਼ਾ ਤੂੰਹੀ,
ਸੋਚਾਂ ਦੇ ਸਾਗਰੀ ਕਿਉਂ ਗਲਤਾਨ ਬਣ ਰਹਾਂ।

ਤੇਰੇ ਬਗੈਰ ਮੇਰੀ ਮਨਜ਼ਲ ਕਿਤੇ ਨਹੀਂ,
ਤੂੰ ਜੇ ਮਿਲ ਪਵੇਂ ਤਾਂ ਜਗ ਤੇ ਸੁਲਤਾਨ ਬਣ ਰਹਾਂ।

ਦੋ ਦਿਨ ਦੀ ਉਮਰ ਮੇਰੀ ਇਸ ਦਰ ਤੇ ਬੀਤ ਜਾਵੇ,
'ਅਮਰੀਕ' ਮੈਂ ਕਿਉ ਖਾਹ ਮਖਾਹ ਹੈਰਾਨ ਬਣ ਰਹਾਂ।



Sri Satguru Jagjit Singh Ji Elibrary NamdhariElibrary@gmail.com

# ਮੁਕਤ ਕਰੇਂਦੇ ਓ

ਦੀਦਾਰ ਦੇ ਜਗ ਦੇ ਜੀਵਾਂ ਨੂੰ, ਜੀਂਦੇ ਜੀ ਮੁਕਤ ਕਰੇਂਦੇ ਓ।
ਔਝੜ ਵਿਚ ਫੱਸਿਆਂ ਲੋਕਾਂ ਨੂੰ, ਮਨਜ਼ਲ ਦੀਆਂ ਰਾਹਾਂ ਦਸੇਂਦੇ ਓ।

ਚਾਨਣ ਦੇ ਸਦੀਵੀ ਸੋਮੇ ਹੋ, ਭੰਡਾਰ ਹੋ ਰੱਬੀ ਰਹਿਮਤ ਦੇ,
ਹਰ ਮਰਜ਼ ਦੇ ਵੈਦ ਸੁਜਾਨ ਤੁਸੀਂ ਅਤੇ ਹਰਨ ਹਾਰ ਹਰ ਜ਼ਹਿਮਤ ਦੇ,
ਐਸੇ ਦਾਤਾਰ ਅਨੋਖੇ ਹੋ, ਬਿਨ ਮੰਗਿਆਂ ਸਭ ਕੁਝ ਦੇਂਦੇ ਓ।

ਕੀ ਸਿਫ਼ਤ ਕਰਾਂ ਕਿਸੇ ਕੋਸ਼ ਵਿਚੋਂ, ਕੋਈ ਲਫ਼ਜ਼ ਅਜੇਹਾ ਲਭਦਾ ਨਹੀਂ,
ਮਨ-ਮੰਦਰ ਵਿਚ ਐਸੇ ਫਬਦੇ ਓ, ਕੋਈ ਹੋਰ ਅਜੇਹਾ ਫੱਬਦਾ ਨਹੀਂ,
ਸੂਰਜ ਹੋ ਸਗਲ ਸੁਹੱਪਣਾ ਦੇ, ਹਰ ਕੋਝ ਨੂੰ ਦੂਰ ਭਜੇਂਦੇ ਓ।

ਸਭਨਾਂ ਦੇ ਪਾਲਨ ਹਾਰ ਤੁਸੀਂ, ਮੋਇਆਂ ਨੂੰ ਜੀਵਾਲਨਹਾਰ ਤੁਸੀਂ,
ਚਰਨੀਂ ਜੋ ਸੀਸ ਨਿਵਾ ਦੇਵੇ, ਉਹਦੇ ਅਵਗੁਣ ਬਖਸ਼ਨ ਹਾਰ ਤੁਸੀਂ,
ਬਨ ਕ੍ਰਿਸ਼ਨ ਦਰੋਪਦ ਅਬਲਾ ਦੀ ਥਾਂ ਥਾਂ ਪੇ ਲਾਜ ਰਖੇਂਦੇ ਓ।

ਬਾਕੀ ਨ ਤਮੰਨਾਂ ਕੋਈ ਰਹੇ, ਕਰ ਦੇਵੇ ਨਦਰ ਨਿਹਾਲ ਜਦੋਂ,
ਡਰ ਖਤਰੇ ਸਾਰੇ ਮੁੱਕ ਜਾਵਨ, ਡਿਗਦੇ ਨੂੰ ਲਵੇ ਸੰਭਾਲ ਜਦੋਂ,
ਤੁਸੀਂ ਅੰਤ ਦੇ ਘੋਰ ਗੁਨਾਹੀਆਂ ਨੂੰ ਇਕ ਪਲ ਵਿਚ ਹੀ ਬਖਸ਼ੇਂਦੇ ਓ।

ਅਜ਼ਮਤ ਹੈ ਤੁਸਾਂ ਦੀ ਅਜ਼ੀਮ ਬੜੀ, ਕਰ ਸਕਦੀ ਜ਼ਬਾਨ ਬਿਆਨ ਨਹੀਂ,
ਕੋਈ ਕਿੰਨੀਆਂ ਵੀ ਡੀਂਗਾਂ ਪਿਆ ਮਾਰੇ, ਆਪ ਜੈਸਾ ਤੇ ਕੋਈ ਮਹਾਨ ਨਹੀਂ,
ਮਿਹਰਾਂ ਦੇ ਦਾਇਮੀ ਦਰਯਾ ਹੋ, ਦਿਨ ਰਾਤ ਹਮੇਸ਼ ਵਹੇਂਦੇ ਓ।

ਮੂਰਖ ਨੇ ਜੋ ਤੁਸਾਂ ਦੀ ਵਡਿਆਈ ਨੂੰ ਤਕਦੇ ਨੇ ਫੇਰ ਵੀ ਮੰਨਦੇ ਨਹੀਂ,
ਗੱਲ ਕਰਨੋਂ ਕਦੇ ਨਹੀਂ ਰਹਿ ਸਕਦੇ, ਆਪ ਅਸਲੋਂ ਕਿਸੇ ਦੀ ਵੰਨ ਦੇ ਨਹੀਂ,
ਧੰਨ ਆਪ ਹੋ ਗਲੇ ਫਿਰ ਵੀ ਲਾਵੋ, ਨ ਭੁੱਲਾਂ ਚਿੱਤ ਧਰੇਂਦੇ ਓ।

ਮੈਨੂੰ ਵੀ ਤਾਂ ਇਤਨੀ ਸ਼ਕਤ ਦਿਓ, ਵਡਿਆਈ ਤੁਸਾਂ ਦੀ ਪਛਾਣ ਲਵਾਂ,
ਇਸ ਦਰ ਤੇ ਹੀ ਹਸਤੀ ਮਿਟ ਜਾਵੇ, ਝੱਲ ਦੇਖੇ ਹੀ ਸਾਰੇ ਤੂਫ਼ਾਨ ਲਵਾਂ,
'ਅਮਰੀਕ' ਜਹੇ ਮੰਦ ਕਰਮੀਆਂ ਦੀ ਕਿਸਮਤ ਨੂੰ ਨਿਤ ਬਦਲੇਂਦੇ ਓ।



Sri Satguru Jagjit Singh Ji Elibrary NamdhariElibrary@gmail.com

# ਨਾ ਲੰਘ ਜਾਇਆ ਕਰੋ

ਬਿਨਾਂ ਮਿਲਿਆਂ ਹੀ ਨਾ ਲੰਘ ਜਾਇਆ ਕਰੋ।
ਜਿੰਦ ਸੂਲੀ ਤੇ ਨਾ ਟੰਗ ਜਾਇਆ ਕਰੋ।

ਪਤਾ ਨਹੀਂ ਕੀ ਮਨ ਵਿਚ ਆਈ ਜੇ,
ਸਾਨੂੰ ਵੇਖ ਸਪੀਡ ਵਧਾਈ ਜੇ,
ਭੰਨ ਆਸ ਦੀ ਨਾ ਵੰਗ ਜਾਇਆ ਕਰੋ।

ਅਸੀਂ ਉਹ ਹੀ ਤਾਂ ਕੋਈ ਹੋਰ ਨਹੀਂ,
ਹੋਣਾ ਚਾਹੀਦਾ ਇਤਨਾ ਕਠੋਰ ਨਹੀਂ,
ਰੰਗ ਅਪਣੇ ਵਿਚ ਰੰਗ ਜਾਇਆ ਕਰੋ।

ਪਲ ਭਰ ਬਸ ਕੋਲ ਖਲੋ ਜਾਂਦੇ,
ਸਾਡੇ ਭਾਗ ਸੁਨਹਿਰੇ ਹੋ ਜਾਂਦੇ,
ਪਾਸ ਆ ਕੇ ਵੀ ਨਾ ਸੰਗ ਜਾਇਆ ਕਰੋ।

ਮੰਨਿਆ ਕਿ ਅਸੀਂ ਹਾਂ ਗੁਣ-ਹੀਣੇ,
ਪਰ ਤੁਸੀਂ ਹੋ ਪੂਰਨ ਪਰਬੀਨੇ,
ਰਖ ਲਾਜ ਕਿਸੇ ਢੰਗ ਜਾਇਆ ਕਰੋ।

ਇਸ ਉਮਰੇ ਇਹ ਝਟਕੇ ਨਾ ਮਾਰੇ,
ਸਗੋਂ ਡੋਲਦਾ ਤਨ ਮਨ ਖਲਿਹਾਰੇ,
ਪੂਰੀ ਕਰ ਹਰ ਮੰਗ ਜਾਇਆ ਕਰੋ।



Sri Satguru Jagjit Singh Ji Elibrary NamdhariElibrary@gmail.com

# ਸਭ ਦਾ ਮਾਣ ਰਖੇਂਦੇ

ਸਤਿਗੁਰੂ ! ਸਭ ਦਾ ਮਾਣ ਰਖੇਂਦੇ।
ਕੋਈ ਉਹਨਾਂ ਨੂੰ ਜਾਣੇ ਨਾ ਜਾਣੇ ਸਭ ਕੁਝ ਸਭ ਦੇ ਲਗੇਂਦੇ।
ਦੁਖ-ਨਾਸ਼ਕ ਸੁਖਦਾਇਕ ਨੇ ਉਹ, ਸੰਕਟ ਸਗਲ ਹਰੇਂਦੇ।
ਸਭ ਨੂੰ ਸੋਨਾ ਬਣਿਆ ਲੋੜਨ, ਪਾਰਸ ਤਾਂ ਹੀ ਕਹੇਂਦੇ।
ਬਿਨ ਮੰਗਿਆਂ ਹੀ ਦਾਤਾਂ ਬਖਸ਼ਣ ਬਿਨ ਬਾਦਲ ਬਰਸੇਂਦੇ।
ਨਿਰਮਾਣਾਂ ਨੂੰ ਮਾਣ ਹਕੀਕੀ, ਦੇਂਦਿਆਂ ਨਹੀਂ ਪੁਛੇਂਦੇ।
ਸੁਖ ਸਮਰਿਧੀਆਂ ਵੰਡਦੇ ਫਿਰਦੇ, ਖਾਲੀ ਝੋਲ ਭਰੇਂਦੇ।
ਕੋਈ ਮੁਸੀਬਤ ਸਿਰ ਤੇ ਪੈ ਜਾਏ, ਖੰਭੀਆਂ ਹੇਠ ਲੁਕੇਂਦੇ।
ਬਲਦੀ ਔਗੋਂ ਵੀ ਬਚ ਜਾਂਦੇ ਜੋ ਇਹ ਸ਼ਰਨ ਤਕੇਂਦੇ।
ਧਰਤ ਸੁਹਾਵੀ ਥਾਨ ਸੁਹਾਵਾ ਜਿਸ ਥਾਂ ਚਰਨ ਟਕੇਂਦੇ।
ਐ 'ਅਮਰੀਕ' ਤੇਰੇ ਜਹੇ ਲੱਖਾਂ ਇਸ ਦਰ ਸੀਸ ਝੁਕੇਂਦੇ।



Sri Satguru Jagjit Singh Ji Elibrary NamdhariElibrary@gmail.com

# ਕਿਹੜੀ ਗੱਲੋਂ

ਕਿਹੜੀ ਗੱਲੋਂ ਮੁਖ ਸਾਥੋਂ ਸੱਜਣਾਂ ਤੂੰ ਮੋੜਿਆ।
ਪੱਥਰਾਂ ਦੇ ਨਾਲ ਸ਼ੀਸ਼ਾ ਦਿਲ ਵਾਲਾ ਤੋੜਿਆ।

ਚਿਰਾਂ ਬਾਦ ਆਏ ਸਾਂਝੀ ਹੋਈ ਨਾ ਜ਼ਬਾਨ ਵੇ,
ਗੱਲਾਂ ਦੀਆਂ ਛੱਲਾਂ ਮੈਥੋਂ ਠੱਲੀਆਂ ਨਾਂ ਜਾਨ ਵੇ,
ਦਿੱਤੀ ਧਰਵਾਸ ਨਾ ਹੀ ਟੁੱਟਾ ਦਿਲ ਜੋੜਿਆ।

ਪਿਆਰ ਨਾਲ ਕਦੀ ਨਹੀਂ ਸਾਡੇ ਵੱਲ ਤੱਕਿਆ,
ਸਬਰਾਂ ਦਾ ਕਾਫ਼ਲਾ ਉਡੀਕ ਵਿਚ ਥੱਕਿਆ,
ਤੇਰੇ ਏਸ ਰੋਸੇ ਸਾਡਾ ਲਹੂ ਹੀ ਨਚੋੜਿਆ।

ਛੋਹ ਤੇਰੀ ਪਾਣ ਲਈ ਅੰਗ ਅੰਗ ਲੁੱਛਦਾ,
ਰੁੱਸਿਆ ਏ ਕਾਹਨੂੰ ਮੈਥੋਂ ਮੇਰਾ ਦਿਲ ਪੁੱਛਦਾ,
ਹਰ ਪਲ ਹਰ ਛਿਨ ਅਸਾਂ ਤੈਨੂੰ ਲੋੜਿਆ।

ਦਿਲ ਸਾਡਾ ਤੈਥੋਂ ਹੋਰ ਕੁਝ ਨਹੀਂ ਮੰਗਦਾ,
ਤੂੰ ਹੀ ਤਾਂ ਕਿਨਾਰੈਂ ਮੇਰੀ ਆਸ ਤੇ ਉਮੰਗ ਦਾ,
ਸਾਰਿਆਂ ਹੀ ਪਾਸਿਆਂ ਤੋਂ ਦਿਲ ਅਸਾਂ ਹੋੜਿਆ।

ਮੇਰੇ ਸਭ ਦਰਦਾਂ ਦਾ ਦਾਰੂ ਤੇਰੇ ਕੋਲ ਏ,
ਏਸ ਗੱਲੋਂ ਮਾਹੀ ਕਾਹਨੂੰ ਹੋਇਆ ਅਨਭੋਲ ਏ,
ਰੋਸਿਆਂ ਨੇ ਫੜ 'ਅਮਰੀਕ' ਨੂੰ ਝੰਜੋੜਿਆ।



Sri Satguru Jagjit Singh Ji Elibrary NamdhariElibrary@gmail.com

# ਤੁਸਾਂ ਲੜ ਲਾ ਲੀਤਾ ਏ

ਸ਼ੁਕਰੇ ਤੁਸਾਂ ਲੜ ਲਾ ਲੀਤਾ ਏ, ਜੀਣ ਤੋਂ ਬਹੁਤ ਬੇਜ਼ਾਰ ਸਾਂ ਮੈਂ।
ਰੋਲ ਦਿੱਤੇ ਬੇ ਕਦਰੇ ਲੋਕਾਂ, ਗ਼ੁਲਸ਼ਨ ਸਾਂ ਗ਼ੁਲਜ਼ਾਰ ਸਾਂ ਮੈਂ।

ਇਹ ਹੈ ਹਕੀਕਤ ਕਹਿਣ ਲਗਾਂ ਜੋ, ਸਮਝ ਨਾ ਇਸ ਨੂੰ ਅਫ਼ਸਾਨਾ,
ਹਰ ਮਹਿਫਲ ਦੀ ਰੌਣਕ ਬਣਿਆ, ਬੰਦ ਕਲੀਆਂ ਦਾ ਹਾਰ ਸਾਂ ਮੈਂ।

ਦਰਦ ਮੇਰਾ ਇਕ ਆਪ ਦੇ ਬਾਝੋਂ ਕੋਈ ਨਹੀਂ ਜੋ ਜਾਣ ਸਕੇ,
ਬਿਨ ਸੱਜਣਾਂ ਦੇ ਕਿਸ ਦੇ ਸਾਹਵੇਂ ਕਰ ਸਕਦਾ ਇਜ਼ਹਾਰ ਸਾਂ ਮੈਂ।

ਖ਼ੁਸ਼ ਕਿਸਮਤ ਹਾਂ ਤੁਸਾਂ ਸਹਾਰੇ, ਡਿਗਦਾ ਡਿਗਦਾ ਸੰਭਲ ਗਿਆਂ,
ਇਸ ਮੰਝਧਾਰ 'ਚ ਡੁਬ ਗਏ ਲੱਖਾਂ, ਕਿਸ ਦਾ ਪਾਣੀ ਹਾਰ ਸਾਂ ਮੈਂ।

ਦਿਲ ਮੇਰੇ ਦਾ ਕੋਨਾਂ ਕੋਨਾਂ ਰੌਸ਼ਨ ਰੌਸ਼ਨ ਹੋਇਆ ਏ,
ਇਹ ਕ੍ਰਿਸ਼ਮਾ ਹੈ ਪਿਆਰ ਦਾ ਸਾਰਾ, ਉਂਜ ਅੰਧਿਆਰੀ ਗ਼ਾਰ ਸਾਂ ਮੈਂ।

ਜੋ ਨਜ਼ਰੀਂ ਸੀ ਆਉਂਦੀ ਮਨਜ਼ਲ ਕੋਲ ਗਿਆਂ ਮ੍ਰਿਗ ਤ੍ਰਿਸ਼ਨਾ ਸੀ,
ਆਪ ਨੂੰ ਮਿਲਿਆਂ ਮਨਜ਼ਲ ਪਾਈ, ਭਜਦਾ ਰਿਹਾ ਬੇਕਾਰ ਸਾਂ ਮੈਂ।

ਕੰਡਿਆਂ ਦੇ ਸੰਗ ਖਹਿ ਖਹਿ ਹੋਇਆ, ਤਨ ਮਨ ਮੇਰਾ ਜ਼ਖਮੀ ਸੀ,
ਪਿਆਰ ਦੀ ਮਰਹਮ ਜਦ ਦੀ ਲਾਈ, ਹੋਇਆ ਠੰਢੜਾ ਠਾਰ ਸਾਂ ਮੈਂ।



Sri Satguru Jagjit Singh Ji Elibrary NamdhariElibrary@gmail.com

# ਹੋ ਤੁਸੀਂ ਰਾਜ਼ਦਾਂ

ਮੇਰੇ ਹਰ ਰਾਜ਼ ਦੇ ਹੋ ਤੁਸੀਂ ਰਾਜ਼ਦਾਂ,
ਮੈਂ ਫ਼ਿਕਰ ਹੁਣ ਤੇ ਕੋਈ ਕਰਾਂ ਨ ਕਰਾਂ।
ਕਸ਼ਤੀਏ ਦਿਲ ਦੇ ਜਦ ਹੋ ਤੁਸੀਂ ਬਾਦਬਾਂ,
ਮੈਂ ਫਿਕਰ ਹੁਣ ਤੇ ਕੋਈ ਕਰਾਂ ਨ ਕਰਾਂ।

ਕੀ ਕਰੇਗੀ ਜ਼ਮਾਨੇ ਦੀ ਤੱਤੀ ਹਵਾ,
ਮੇਰੇ ਲੂੰ ਲੂੰ ਦੇ ਵਿਚ ਠੰਢ ਦਿਤੀ ਰਚਾ,
ਹੋ ਗਏ ਤੁਠ ਕੇ ਜਦ ਦੇ ਤੁਸੀਂ ਮਿਹਰਬਾਂ,
ਮੈਂ ਫ਼ਿਕਰ ਹੁਣ ਤੇ ਕੋਈ ਕਰਾਂ ਨ ਕਰਾਂ।

ਮੇਰੇ ਅੰਦਰੋਂ ਜਲਣ ਸਾਰੀ ਜਾਂਦੀ ਰਹੀ,
ਜਨਮਾਂ ਜਨਮਾਂ ਤੋਂ ਜੋ ਹੈ ਸਤਾਂਦੀ ਰਹੀ,
ਕਰ ਸਕੇਗੀ ਨ ਧੰਨਵਾਦ ਮੇਰੀ ਜ਼ੁਬਾਂ,
ਮੈਂ ਫ਼ਿਕਰ ਹੁਣ ਤੇ ਕੋਈ ਕਰਾਂ ਨ ਕਰਾਂ।

ਇਹ ਤੁਸਾਂ ਦੇ ਹੀ ਦੀਦਾਰ ਦੈ ਮੋਜਜ਼ਾ,
ਮੈਨੂੰ ਮਿੱਟੀ ਤੋਂ ਮੋਤੀ ਹੈ ਦਿੱਤਾ ਬਣਾ,
ਕਿੰਜ ਦੱਸਾਂ ਤੇ ਕੀਕਰ ਕਰਾਂਗਾ ਬਿਆਂ,
ਮੈਂ ਫਿਕਰ ਹੁਣ ਤੇ ਕੋਈ ਕਰਾਂ ਨ ਕਰਾਂ।

ਦਿਲ ਦੀ ਦੁਨੀਆਂ ਵਸਾਈ ਤੁਸਾਂ ਨੇ ਮੇਰੀ,
ਘਾਲ ਥਾਂ ਸਿਰ ਹੈ ਪਾਈ ਤੁਸਾਂ ਨੇ ਮੇਰੀ,
ਖ਼ਤਮ ਹੋਏ ਨੇ ਮੇਰੇ ਸਭੀ ਇਮਤਹਾਂ,
ਮੈਂ ਫ਼ਿਕਰ ਹੁਣ ਤੇ ਕੋਈ ਕਰਾਂ ਨ ਕਰਾਂ।

ਮੈਂ ਹਨੇਰੇ 'ਚ ਟੱਕਰਾਂ ਰਿਹਾ ਮਾਰਦਾ,
ਵੇਖ ਜੁਗਨੂੰ ਦਾ ਚਾਨਣ ਰਿਹਾ ਸਾਰਦਾ,
ਮਿਲ ਗਇਆ ਨੂਰ ਦਾ ਅਜ ਤੇ ਕੋਹੇ ਗਰਾਂ,
ਮੈਂ ਫ਼ਿਕਰ ਹੁਣ ਤੇ ਕੋਈ ਕਰਾਂ ਨ ਕਰਾਂ।



Sri Satguru Jagjit Singh Ji Elibrary NamdhariElibrary@gmail.com

ਪਿਆਰ ਦੀ ਸਿਰਫ਼ ਇਕੋ ਨਜ਼ਰ ਚਾਹੀਦੀ,
ਮੁਕਤੀ ਘਰ ਆ ਗਈ ਇਹ ਖ਼ਬਰ ਚਾਹੀਦੀ,
ਸੌਰ ਚੁਕਿਆ ਜਦੋਂ ਅਗਲਾ ਪਿਛਲਾ ਜਹਾਂ,
ਮੈਂ ਫ਼ਿਕਰ ਹੁਣ ਤੇ ਕੋਈ ਕਰਾਂ ਨ ਕਰਾਂ।

ਕਿਹੜੇ ਤੀਰਥ ਦੀ ਹੁਣ ਮੈ ਕਰਾਂ ਯਾਤਰਾ,
ਖ਼ਤਮ ਹੋਈ ਗੁਨਾਹਾਂ ਦੀ ਸਭ ਮਾਤਰਾ,
ਮੇਰਾ ਜੀਵਨ ਸ਼ੁਰੂ ਹੋ ਗਿਆ ਏ ਨਵਾਂ,
ਮੈਂ ਫ਼ਿਕਰ ਹੁਣ ਤੇ ਕੋਈ ਕਰਾਂ ਨ ਕਰਾਂ।

ਮੈਂ ਗੁਨਾਹ ਗਾਰ ਸਾਂ ਚਾਰਾ ਨਹੀਂ ਸੀ ਕੋਈ,
ਵਿਚ ਤੂਫ਼ਾਨਾਂ ਸਹਾਰਾ ਨਹੀਂ ਸੀ ਕੋਈ,
ਅਜ ਤਾਂ 'ਅਮਰੀਕ' ਦੀ ਹੋਈ ਚਾਹਤ ਜਵਾਂ,
ਮੈਂ ਫ਼ਿਕਰ ਹੁਣ ਤੇ ਕੋਈ ਕਰਾਂ ਨ ਕਰਾਂ।



Sri Satguru Jagjit Singh Ji Elibrary NamdhariElibrary@gmail.com

# ਤੁਸੀਂ ਜੋ ਤਕਦੇ ਓ

ਅਖੀਆਂ ਵਿਚ ਖ਼ੁਮਾਰ ਤੁਸੀਂ ਜੋ ਤਕਦੇ ਓ।
ਪ੍ਰੀਤਮ ਦਾ ਹੈ ਪਿਆਰ ਤੁਸੀਂ ਜੋ ਤਕਦੇ ਓ।

ਸੌ ਵਾਰੀ ਮੈਂ ਸਭ ਦੁਨੀਆਂ ਨੂੰ ਦਸਿਆ ਏ,
ਪ੍ਰੀਤਮ ਮੇਰੇ ਰੋਮ ਰੋਮ ਵਿਚ ਵੱਸਿਆ ਏ,
ਹਰ ਥਾਂ ਮਿਹਰ ਅਪਾਰ ਤੁਸੀਂ ਜੋ ਤੱਕਦੇ ਓ।

ਅੰਗ ਅੰਗ ਚੋਂ ਮਹਿਕ ਜੋ ਹਰਦਮ ਆਉਂਦੀ ਏ,
ਸਾਰੇ ਹੀ ਮਾਹੌਲ ਨੂੰ ਜੋ ਮਹਿਕਾਉਂਦੀ ਏ,
ਸਭ ਕੁਝ ਖ਼ੁਸ਼ਬੂਦਾਰ ਤੁਸੀਂ ਜੋ ਤਕਦੇ ਓ।

ਅੰਦਰੋਂ ਬਾਹਰੋਂ ਹਿਰਦਾ ਨਿਰਮਲ ਹੋਇਆ ਏ,
ਮਨ ਦੀ ਮੈਲ ਨੂੰ ਮਸਤ ਨਜ਼ਰ ਨੇ ਧੋਇਆ ਏ,
ਆਇਆ ਨਵਾਂ ਨਿਖਾਰ ਤੁਸੀਂ ਜੋ ਤੱਕਦੇ ਓ।

ਮਸਤੀ ਦੇ ਵਿਚ ਹੋਇਆ ਖੀਵਾ ਐਸਾ ਹਾਂ,
ਨੌਂਚਿਆ ਰੱਜ ਕੇ ਅਜ ਅਲਮਸਤਾਂ ਜੈਸਾ ਹਾਂ,
ਮਦ ਹੋਸ਼ੀ ਦੀ ਧਾਰ ਤੁਸੀਂ ਜੋ ਤੱਕਦੇ ਓ।

ਲੋਕ-ਲਾਜ ਤਜ ਰਲਿਆਂ ਨਾਲ ਮਲੰਗਾਂ ਦੇ,
ਰੰਗ ਲਿਆ ਵਿਚ ਵੰਨ ਸੁਵੰਨੇ ਰੰਗਾਂ ਦੇ,
ਸ਼ਰਮ ਦਾ ਲੱਥਾ ਭਾਰ ਤੁਸੀਂ ਜੋ ਤਕਦੇ ਓ।

ਇਸ ਰਾਹੋਂ ਹੁਣ ਮੈਨੂੰ ਲੋਕੋ ਹਟਕੋ ਨਾ,
ਆਕਾਸ਼ਾਂ ਚੋਂ ਧਰਤੀ ਤੇ ਹੁਣ ਪਟਕੋ ਨਾ,
ਪੌਣਾਂ ਤੇ ਅਸਵਾਰ ਤੁਸੀਂ ਜੋ ਤੱਕਦੇ ਓ।

ਸਾਰਾ ਜੱਗ ਅਜ ਲਗਦਾ ਅਪਣਾ ਅਪਣਾ ਏ,
ਜਾਪਦਾ ਏ ਸਾਕਾਰ ਹੋ ਗਿਆ ਸਪਣਾ ਏ,
ਤਰਿਆ ਸਣ ਪਰਵਾਰ ਤੁਸੀਂ ਜੋ ਤਕਦੇ ਓ।

ਧਰਤੀ ਤੇ ਹੀ ਸਵਰਗ ਨਜ਼ਾਰੇ ਵੇਖੇ ਨੇ,
ਜਦੋਂ ਅਪਣੇ ਪ੍ਰੀਤਮ ਪਿਆਰੇ ਵੇਖੇ ਨੇ,
'ਅਮਰੀਕ' ਨੂੰ ਅਜ ਸਰਸ਼ਾਰ ਤੁਸੀਂ ਜੋ ਤਕਦੇ ਓ,
ਪ੍ਰੀਤਮ ਦਾ ਹੈ ਪਿਆਰ ਤੁਸੀਂ ਜੋ ਤਕਦੇ ਓ।



Sri Satguru Jagjit Singh Ji Elibrary NamdhariElibrary@gmail.com

# ਅਲਖ ਜਗਾਵਾਂ ਗੇ

ਪ੍ਰੀਤਮ ਦੇ ਦਰ ਜਾ ਕੇ ਅਲਖ ਜਗਾਵਾਂਗੇ।
ਉਸ ਦੇ ਸੋਹਣੇ ਰੰਗ ਵਿਚ ਰੰਗੇ ਜਾਵਾਂਗੇ।

ਲੱਖ ਵੇਰਾਂ ਜੇ ਜੱਗ ਰੁੱਸਦਾ ਏ ਰੁੱਸ ਜਾਏ,
ਉਸ ਦਾ ਦਾਮਨ ਹੱਥੋਂ ਕਿਤੇ ਨ ਖੁੱਸ ਜਾਏ,
ਹਰ ਨੇਅਮਤ ਹੀ ਏਸੇ ਦਰ ਤੋਂ ਪਾਵਾਂ ਗੇ।

ਕੀ ਜਾਣਾਂ · ਕਦ ਕਿਸਮਤ ਸੁੱਤੀ ਜਾਗੇਗੀ,
ਸਾੜ ਸੜੀ ਜੀਵਨ ਚੋਂ ਖਿਸਕਣ ਲਾਗੇਗੀ,
ਰਹਿਮਤ ਦੇ ਦਰ ਪੁਜ ਕੇ ਸ਼ੁਕਰ ਮਨਾਵਾਂਗੇ।

ਕੌਣ ਕਹੇ ਉਹ ਦਿਲ ਦੀ ਗੱਲ ਨੂੰ ਬੁਝਦਾ ਨਹੀਂ,
ਉਸ ਨੂੰ ਮੇਰੇ ਫਿਕਰ ਬਿਨਾਂ ਕੁਝ ਸੁਝਦਾ ਨਹੀਂ,
ਓਸੇ ਦਰ ਤੇ ਧੂਣੀ ਰੋਜ਼ ਰਮਾਵਾਂ ਗੇ।

ਕਹਿੰਦੇ ਨੇ ਕਿ ਮਸਤ ਹੀ ਓਥੇ ਵੱਸਦੇ ਨੇ,
ਮਸਤੀ ਦੇ ਵਿਚ ਝੂਮਣ ਦਾ ਢੰਗ ਦੱਸਦੇ ਨੇ,
ਅਸੀਂ ਵੀ ਆਪਾ ਮਸਤਾਂ ਨਾਲ ਰਲਾਵਾਂਗੇ।

ਸੁਣਿਐ ਓਥੇ ਸੁਖ ਦੇ ਸਾਗਰ ਸਾਰੇ ਨੇ,
ਆਖਣ ਓਥੇ ਮਿਲਦੇ ਪ੍ਰੀਤ ਹੁਲਾਰੇ ਨੇ,
ਆਪਾਂ ਵੀ ਹੁਣ ਜੀਵਨ ਸਫਲ ਬਣਾਵਾਂਗੇ।

ਲੇਖੇ ਓਥੇ ਅਗਲੇ ਪਿਛਲੇ ਮੁੱਕਦੇ ਨੇ,
ਮੰਦ-ਕਰਮਾਂ ਦੇ ਸੋਮੇ ਸਾਰੇ ਸੁੱਕਦੇ ਨੇ,
ਅਸੀਂ ਵੀ ਜਾਕੇ ਜੀਵਨ ਸਫਲ ਬਣਾਵਾਂਗੇ।

ਸੁਣਿਐ ਦਿਲ ਦੀ ਘੁੰਡੀ ਬਿਲਕੁਲ ਖੁੱਲਦੀ ਏ,
ਸੁਖ ਮਿਲਦੈ ਤੇ ਦੁੱਖਾਂ ਦੀ ਗਲ ਭੁੱਲਦੀ ਏ,
ਅਜ 'ਅਮਰੀਕ' ਦੇ ਸੰਕਟ ਸਭੀ ਮੁਕਾਵਾਂਗੇ।



Sri Satguru Jagjit Singh Ji Elibrary NamdhariElibrary@gmail.com

# ਪਿਆਰ ਤੇਰਾ

ਪਿਆਰ ਤੇਰਾ ਵਡ ਮੁੱਲੀ ਰੱਬੀ ਦਾਤ ਜਿਹਾ।
ਮੁਖੜਾ ਤੇਰਾ ਲਗਦੈ ਨਵ-ਪਰਭਾਤ ਜਿਹਾ।

ਪਤ-ਝੜ ਬਣੇ ਬਹਾਰ ਕਿਤੇ ਜੇ ਹੱਸਦਾ ਏਂ,
ਅਖੀਆਂ ਹੋਵਨ ਚਾਰ ਤਾਂ ਅੰਦਰ ਵੱਸਦਾ ਏਂ,
ਮੇਲ ਤੇਰਾ ਹੈ ਸਾਵਨ ਦੀ ਬਰਸਾਤ ਜਿਹਾ।

ਛੋਹ ਤੇਰੀ ਸਭ ਖੋਟ ਮਨਾਂ ਦੇ ਦੂਰ ਕਰੇ,
ਨਜ਼ਰ ਤੇਰੀ ਹਰ ਊਣੇ ਨੂੰ ਭਰਪੂਰ ਕਰੇ,
ਕਰ ਦੀਦਾਰ ਮਾਹੌਲ ਹੋ ਜਾਂਦੈ ਸਾਂਤ ਜਿਹਾ।

ਸਿਫ਼ਤ ਕਰਾਂ ਕੀ ਤੂੰ ਸਿਫ਼ਤਾਂ ਤੋਂ ਉੱਚਾ ਏਂ,
ਪਰਖ ਵੇਖਿਆ ਤੂੰ ਸੁਚਿਆਂ ਤੋਂ ਸੁੱਚਾ ਏਂ,
ਦਿਲ ਤੇਰਾ ਹੈ ਖੁੱਲ੍ਹੀ ਇਕ ਸਬਾਤ ਜਿਹਾ।

ਜਿਸ ਦੇ ਪਾਸ ਤੂੰ ਗਇਆ ਨਸੀਬਾ ਬਦਲ ਗਇਆ,
ਜ਼ੱਰਾ ਜ਼ੱਰਾ ਨਕਲੀ ਤੋਂ ਹੋ ਅਸਲ ਗਇਆ,
ਬਣ ਜਾਂਦੇ ਵੀਰਾਨਾਂ ਹਰੇ ਬਾਗ਼ਾਤ ਜਿਹਾ।

ਬਿਨ ਤੇਰੇ ਗੱਲ ਦਿਲ ਦੀ ਦੱਸੀਏ ਕਿਸ ਤਾਈਂ,
ਤੈਨੂੰ ਛਡ ਕੇ ਮਹਿਰਮ ਤੱਕੀਏ ਕਿਸ ਤਾਈਂ,
ਕੌਣ ਹੈ ਵਡਾ ਦੱਸ ਤੂੰ ਤੇਰੀ ਜ਼ਾਤ ਜਿਹਾ।

ਤੇਰੀ ਸੋਚ ਨੂੰ ਅਪੜੇ ਮੇਰੀ ਸੋਚ ਕਿਵੇਂ,
ਹਰ ਹੋਣੀ ਨੂੰ ਧੌਣੋਂ ਲਵੇਂ ਦਬੋਚ ਜਿਵੇਂ,
ਨੇੜ ਤੇਰਾ ਹੈ ਫੁੱਲਾਂ ਦੀ ਸੌਗਾਤ ਜਿਹਾ।



Sri Satguru Jagjit Singh Ji Elibrary NamdhariElibrary@gmail.com

ਰਾਜ਼ ਦਿਲਾਂ ਦੇ ਜਾਣੇ ਸਭ ਇਨਸਾਨਾਂ ਦੇ,
ਫੇਰ ਵੀ ਪੁੱਛਦੈ ਹਾਲ ਵਾਂਗ ਅੰਜਾਣਾਂ ਦੇ,
ਤੇਰਾ ਹਰ ਅੰਦਾਜ਼ ਹੈ ਗੁੱਝੀ ਬਾਤ ਜਿਹਾ।

ਪਾਸ ਬੁਲਾਇਐ ਅੰਗ ਅੰਗ ਮਖ਼ਮੂਰ ਮੇਰਾ,
ਵਾਲ ਵਾਲ ਅਜ ਹੋਇਆ ਅਤਿ ਮਸ਼ਕੂਰ ਮੇਰਾ,
ਪਿਆ ਤੂਫ਼ਾਨ ਮੁਸੀਬਤ ਦਾ ਹੈ ਮਾਤ ਜਿਹਾ।

ਅਜ 'ਅਮਰੀਕ' ਨੂੰ ਚੜ੍ਹੀਆਂ ਗਜ ਗਜ ਖ਼ੁਸ਼ੀਆਂ ਨੇ,
ਦਿਲ ਦੀਆਂ ਗੱਲਾਂ ਤੂੰ ਮੈਨੂੰ ਅਜ ਪੁੱਛੀਆਂ ਨੇ,
ਜੀਵਨ ਹੋਇਐ ਬਦਲੇ ਹਰ ਹਾਲਾਤ ਜਿਹਾ।



Sri Satguru Jagjit Singh Ji Elibrary NamdhariElibrary@gmail.com

# ਮਾਣ ਦਿਓ

ਪਾਸ ਆਪਣੇ ਰਹਿਣ ਦਾ ਮੈਨੂੰ ਮਾਣ ਦਿਓ।
ਮਾਰ ਲਵਾਂ ਮਨ ਅਪਣਾਂ ਐਸਾ ਤ੍ਰਾਣ ਦਿਓ।

ਜਗਤ ਜਲੰਦਾ ਤਨ ਮਨ ਕਿਤੇ ਨ ਸਾੜ ਦਵੇ,
ਗਲਵਕੜੀ ਵਿਚ ਲਵੇ ਜੋ ਲੇਖੇ ਪਾੜ ਦਵੇ,
ਹੋਰ ਮੇਰੇ ਤੇ ਕਰ ਵਡਾ ਅਹਿਸਾਨ ਦਿਓ।

ਵਿੱਛੜ ਕੇ ਮੈਂ ਦੁਖੀ ਬਥੇਰਾ ਹੋਇਆ ਸਾਂ,
ਤੁਸਾਂ ਬਿਨਾਂ ਜਿਓਂ ਜੀਵੰਦੜਾ ਹੀ ਮੋਇਆ ਸਾਂ,
ਹੁਣ ਨਾ ਮੈਨੂੰ ਹੋਰ ਕਿਤੇ ਬਸ ਜਾਣ ਦਿਓ।

ਤੁਸਾਂ ਤੋਂ ਵੱਡਾ ਹੋਰ ਨਾ ਕੋਈ ਦਿੱਸਦਾ ਏ,
ਆਪ ਬਿਨਾਂ ਹੁਣ ਹੋਰ ਆਸਰਾ ਕਿਸ ਦਾ ਏ,
ਮੈਂ ਅਣਜਾਣ ਨੂੰ ਆਪਣੀ ਆਪ ਪਛਾਣ ਦਿਓ।

ਭੀੜ ਬਣੇ ਤਾਂ ਆਪ ਸਹਾਈ ਬਣਦੇ ਓ,
ਚਾਦਰ ਬਣ ਕੇ ਲੰਮੀ ਉਪਰ ਤਣਦੇ ਓ,
ਇਹ ਦੁਨੀਆਂ ਹੈ ਜਿਧਰ ਜਾਂਦੀ ਜਾਣ ਦਿਓ।

ਸ਼ਰਨ ਤੁਸਾਂ ਦੀ ਆਇਆਂ ਤ੍ਰਿਪਤੀ ਮਿਲਦੀ ਏ,
ਬੰਦ ਕਲੀ ਹਰ ਦਿਲ ਦੀ ਏਥੇ ਖਿਲਦੀ ਏ,
ਫੁੱਲਾਂ ਵਾਂਗ ਖਿੜਨ ਦਾ ਅਜ ਵਰਦਾਨ ਦਿਓ।

ਮਨ-ਮੰਦਰ ਮੇਰੇ ਵਿਚ ਸਦਾ ਹੀ ਵੱਸਦੇ ਹੋ,
ਜੀਵਨ ਜੀਣ ਦਾ ਸਿੱਧਾ ਰਸਤਾ ਦੱਸਦੇ ਹੋ,
ਚਰਨਾਂ ਵਿਚ 'ਅਮਰੀਕ' ਨੂੰ ਅਜ ਅਸਥਾਨ ਦਿਓ।



Sri Satguru Jagjit Singh Ji Elibrary NamdhariElibrary@gmail.com

# ਹੈ ਨਸੀਬਾ ਮੇਰਾ

ਜ਼ਿੰਦਗੀ ਦੀ ਹਰਿਕ ਰਾਹ ਦੇ ਹਰ ਮੋੜ ਤੇ
ਰਖ ਰਹੇ ਹੋ ਨਜ਼ਰ ਹੈ ਨਸੀਬਾ ਮੇਰਾ,
ਮੇਰੇ ਵਰਗੇ ਹਜ਼ਾਰਾਂ ਹੀ ਬੇ-ਕਦਰਿਆਂ,
ਦੀ ਹੋ ਕਰਦੇ ਕਦਰ ਹੈ ਨਸੀਬਾ ਮੇਰਾ

ਜਨਮਾਂ ਜਨਮਾਂ ਦੇ ਮੇਰੇ ਦਲਿਦੱਰ ਲਹੇ,
ਸੰਕਟਾਂ ਦੇ ਉਹ ਝੁੰਡ ਸਾਰੇ ਕਿੱਧਰ ਗਏ,
ਵਾਂਗ ਪਾਰੇ ਦੇ ਸਾਰੇ ਹੀ ਬਿਖਰ ਗਏ,
ਮੋਜਜ਼ੇ ਹੋ ਰਹੇ ਕਰ ਨਸੀਬਾ ਮੇਰਾ।

ਨੂਰ ਸਾਰਾ ਹਨੇਰਾ ਦਵੇ ਦੂਰ ਕਰ,
ਨੇੜ ਸਾਰੀ ਮੁਸੀਬਤ ਦਵੇ ਚੂਰ ਕਰ,
ਦੇ ਭਜਾ ਸਾਰੇ ਦੁੱਖਾਂ ਨੂੰ ਮਜਬੂਰ ਕਰ,
ਸਾਰੇ ਲਹਿ ਜਾਣ ਡਰ ਹੈ ਨਸੀਬਾ ਮੇਰਾ।

ਹੈ ਹਕੀਕਤ ਤੁਸੀਂ ਮੇਰੇ ਦਿਲਦਾਰ ਹੋ,
ਸਾਰੇ ਮਾਹੌਲ ਦੇ ਆਪ ਸ਼ਿੰਗਾਰ ਹੋ,
ਦਰਦੇ ਦਿਲ ਦੇ ਤੁਸੀਂ ਹੀ ਹਰਨ-ਹਾਰ ਹੋ,
ਸਹਿਲ ਕੀਤੇ ਸਫ਼ਰ ਹੈ ਨਸੀਬਾ ਮੇਰਾ।

ਚਾਰੇ ਪਾਸੇ ਹੈ ਮੇਰੇ ਮਹਿਕ ਆਪ ਦੀ,
ਪੂਰੀ ਰੌਣਕ ਤੁਸਾਂ ਦੀ ਹੈ ਸਭ ਜਾਪਦੀ,
ਨਾ ਮੁਹੱਬਤ ਤੁਸਾਂ ਦੀ ਕਿਸੇ ਨਾਪ ਦੀ,
ਭਾਗ ਜਾਵਨ ਸੰਵਰ, ਹੈ ਨਸੀਬਾ ਮੇਰਾ।

ਹਰ ਕਦਮ ਤੇ ਤੁਸੀਂ ਹੋ ਨਜ਼ਰ ਆ ਰਹੇ,
ਮੇਰੇ ਹਰ ਰੋਮ ਨੂੰ ਠੰਢ ਪਹੁੰਚਾ ਰਹੇ,
ਦਿਲ ਦੇ ਗੁਲਸ਼ਨ ਤੁਸੀਂ ਹੀ ਹੋ ਮਹਿਕਾ ਰਹੇ,
ਖਤਮ ਹੋਏ ਭੰਵਰ ਹੈ ਨਸੀਬਾ ਮੇਰਾ।

ਮੇਰੀ ਦੇਵੋ ਜ਼ਮਾਨਤ ਅਗਾਂਹ ਤੀਕ ਦੀ,
ਜਾਨ ਮੇਰੀ ਰਹੇ ਨਾਂ ਕਿਤੇ ਚੀਕਦੀ,
ਅਰਜ਼ ਅੰਤਮ ਸੁਣੋ ਆਪ 'ਅਮਰੀਕ' ਦੀ,
ਸੌਰ ਜਾਵੇ ਹਸ਼ਰ ਹੈ ਨਸੀਬ ਮੇਰਾ।



Sri Satguru Jagjit Singh Ji Elibrary NamdhariElibrary@gmail.com

# ਬਿਨਾਂ ਆਪ ਦੇ

ਦਿਲ ਦੀ ਗੱਲ ਕਿਸ ਨੂੰ ਦੱਸਾਂ ਬਿਨਾਂ ਆਪ ਦੇ।
ਯਾਰ ਮਿੱਤਰ ਤਾਂ ਵੈਰੀ ਸਭੀ ਜਾਪਦੇ।

ਹੋਵੇ ਮਤਲਬ ਤਾਂ ਆ ਬਹਿੰਦੇ ਸਭ ਕੋਲ ਨੇ,
ਦੂਰੋਂ ਚੰਗੇ ਲਗਣ ਢੋਲ ਦੇ ਬੋਲ ਨੇ,
ਗ਼ਰਜ਼ ਹੋ ਜਾਏ ਪੂਰੀ ਤਾਂ ਰਾਹ ਨਾਪਦੇ।

ਸਾਕ ਸਰਬੰਧੀ ਸਾਰੇ ਹੀ ਝੂਠੇ ਗਿਣੇ,
ਬਹੁਤ ਚਾਲਾਕ ਚੌਕਸ ਅਨੂਠੇ ਗਿਣੇ,
ਭੀੜ ਪੈ ਜਾਵੇ ਤਾਂ ਸੱਕੇ ਨਹੀਂ ਬਾਪ ਦੇ।

ਹੋਰ ਸਾਰੇ ਸਹਾਰੇ ਵਿਸਾਰੇ ਨੇ ਮੈਂ,
ਸਮਝ ਲੈ ਸਭ ਤੁਸਾਂ ਦੇ ਇਸ਼ਾਰੇ ਨੇ ਮੈਂ,
ਮੋਜਜ਼ੇ ਨੇ ਤੁਸਾਂ ਦੇ ਹੀ ਪ੍ਰਤਾਪ ਦੇ।

ਉਹ ਨੇ ਜ਼ਿੰਦਾ ਹੀ ਮੁਕਤੀ ਦੇ ਵਾਰਸ ਬਣੇ,
ਅਸਲ ਜੀਵਨ ਦੀ ਜੁਗਤੀ ਦੇ ਵਾਰਸ ਬਣੇ,
ਜੋ ਤੁਸਾਂ ਵਲ ਨਿਸ਼ਾਨਾਂ ਰਹੇ ਥਾਪਦੇ।

ਸ਼ੁਕਰ ਹੈ ਕਿ ਤੁਸਾਂ ਮੈਨੂੰ ਅਪਣਾ ਲਿਆ,
ਮੈਨੂੰ ਕੋਝੇ ਨੂੰ ਘੁੱਟ ਆਪਣੇ ਗਲ ਲਾ ਲਿਆ,
ਮੈਨੂੰ ਵਢ ਖਾ ਰਹੇ ਪਲ ਸੀ ਇਕਲਾਪ ਦੇ।

ਵਿਚ ਹਨੇਰੇ ਫੜੀ ਬਾਂਹ ਜਾਂ 'ਅਮਰੀਕ' ਦੀ,
ਮੇਰੀ ਹਾਮੀ ਭਰੀ ਹੈ ਅਗਾਹ ਤੀਕ ਦੀ,
ਹੋ ਗਏ ਪੂਰੇ ਦਿਨ ਮੇਰੇ ਸੰਤਾਪ ਦੇ।



Sri Satguru Jagjit Singh Ji Elibrary NamdhariElibrary@gmail.com

# ਛੋਹ ਆਪ ਦੀ ਪਾਈ

ਅਸਾਂ ਜਦੋਂ ਛੋਹ ਆਪ ਦੀ ਪਾਈ।
ਜੀਵਨ ਜਾਚ ਅਸਾਨੂੰ ਆਈ।

ਕੀਹ ਕਰਨੈ ਤੇ ਕੀਹ ਨਹੀਂ ਕਰਨਾ,
ਜੀਣੈ ਕਿੰਜ ਤੇ ਕੀਕਰ ਮਰਨਾ,
ਆਪ ਨੇ ਹੀ ਇਹ ਗੱਲ ਸਮਝਾਈ।

ਕੀਹ ਚੰਗੈ ਤੇ ਕੀਹ ਹੈ ਮੰਦਾ,
ਕਿਵੇਂ ਬਣੀਦੈ ਚੰਗਾ ਬੰਦਾ,
ਭਰਮਾਂ ਦੀ ਸਭ ਲੱਥੀ ਛਾਈ।

ਮਨ ਦੀ ਮੈਲ ਅਜੇਹੀ ਲਾਹੀ,
ਮਿਲਿਆ ਸਾਨੂੰ ਰੂਪ ਇਲਾਹੀ,
ਤੁਸਾਂ ਦੇ ਸੰਗ ਬਣੀ ਆਸ਼ਨਾਈ।

ਸ਼ੁਕਰ ਗੁਜ਼ਾਰ ਕਿਵੇਂ ਮੈਂ ਥੀਵਾਂ,
ਧੋ ਧੋ ਚਰਨ ਆਪ ਦੇ ਪੀਵਾਂ,
ਹੋਵੇ ਅੰਦਰ ਬਾਹਰ ਸਫਾਈ।

ਰੇਖ 'ਚ ਮੇਖ ਅਜੇਹੀ ਮਾਰੀ,
ਹਰ ਬੀਮਾਰੀ ਪਰ੍ਹਾਂ ਉਤਾਰੀ,
ਸਾਡੀ ਹੋਈ ਸਫਲ ਕਮਾਈ।

ਤਨ ਮਨ ਮਹਿਕਾਂ ਨਾਲ ਭਰੀਚਾ,
ਖਿੜਿਆ ਸਾਡਾ ਆਸ ਬਗੀਚਾ,
ਰੌਣਕ ਹੋਈ ਦੂਣ ਸਵਾਈ।



Sri Satguru Jagjit Singh Ji Elibrary NamdhariElibrary@gmail.com

ਐਸੀਆਂ ਪਈਆਂ ਪ੍ਰੀਤ ਫੁਹਾਰਾਂ,
ਆ ਗਈਆਂ ਨੇ ਫੇਰ ਬਹਾਰਾਂ,
ਤੁਸਾਂ ਹੀ ਉਜੜੀ ਧਰਤ ਵਸਾਈ।

ਅਸੀਂ ਹਾਂ ਅਜ ਆਸੂਦੇ ਹੋਏ,
ਸਭ ਤੰਗੀਆਂ ਦੇ ਮਾਪੇ ਮੋਏ,
ਹੋਏ ਹੋ ਤੁਸੀਂ ਆਪ ਸਹਾਈ।

ਤੋੜ ਵਿਛੋੜਾ ਹੁਣ ਨਾ ਕਰਿਓ,
ਹਰ ਥਾਂ ਮੇਰੀ ਹਾਮੀ ਭਰਿਓ,
ਹੋ ਜੈ ਨਾ 'ਅਮਰੀਕ' ਸ਼ੁਦਾਈ।



Sri Satguru Jagjit Singh Ji Elibrary NamdhariElibrary@gmail.com

# ਚਰਨ ਛੁਹਾਏ ਜੇ

ਮੈਨੂੰ ਜਦ ਦੇ ਚਰਨ ਛੁਹਾਏ ਜੇ।
ਮੇਰੇ ਸਗਲੇ ਰੋਗ ਵੰਜਾਏ ਜੇ।

ਜਗ ਲਗਦਾ ਸੋਹਣਾਂ ਸੋਹਣਾਂ ਏ,
ਮਾਹੌਲ ਹੋਇਆ ਮਨ ਮੋਹਣਾਂ ਏ,
ਮਨ ਮੰਦਰ ਦੁਆਰ ਸੁਹਾਏ ਜੇ।

ਮੈਨੂੰ ਤਾਤ ਪਰਾਈ ਵਿੱਸਰ ਗਈ,
ਅਤੇ ਦੁਰਮਤ ਸਾਰੀ ਬਿੱਖਰ ਗਈ,
ਅਸਾਂ ਲੱਖ ਲੱਖ ਸ਼ੁਕਰ ਮਨਾਏ ਜੇ।

ਤੁਸਾਂ ਕੀਤਾ ਅਤਿ ਵੱਡ ਮੁੱਲਾ ਜੀ,
ਅਜ ਰਹਿਮਤ ਦਾ ਦਰ ਖੁਲ੍ਹਾ ਜੀ,
ਸਭ ਸੰਕਟ ਦੂਰ ਭਜਾਏ ਜੇ।

ਗੱਲ ਕਿਸੇ ਦੀ ਹੁਣ-ਪਰਵਾਹ ਨਾਹੀਂ,
ਕੋਈ ਬਾਕੀ ਰਹਿ ਗਈ ਚਾਹ ਨਾਹੀਂ,
ਫਿਕਰਾਂ ਦੇ ਲਾਹੇ ਸਾਏ ਜੇ।

ਮੈਨੂੰ ਅਪਣੇ ਰੰਗ ਵਿਚ ਰੰਗਿਆ ਏ,
ਕੋਈ ਸਿਲਾ ਨਾ ਅਜ ਤਕ ਮੰਗਿਆ ਏ,
ਮੇਰੇ ਸਾਰੇ ਐਬ ਲੁਕਾਏ ਜੇ।

ਜਦੋਂ ਸੱਦ ਕੇ ਕੋਲ ਬਿਠਾਇਆ ਸੀ,
ਮੇਰੀ ਪਲਟ ਗਈ ਤਦ ਕਾਇਆ ਸੀ,
ਮੇਰੇ ਸਾਰੇ ਅੰਗ ਨਸ਼ਿਆਏ ਜੇ।

ਜੇ ਮਿਲੇ ਹੋ ਤਾਂ ਭੁੱਲ ਜਾਣਾ ਨਹੀਂ,
ਮੇਰਾ ਹੋਰ ਤੇ ਕੋਈ ਠਿਕਾਣਾ ਨਹੀਂ,
ਅਸਾਂ ਹੋਰ ਪਾਸੇ ਵਿਸਰਾਏ ਜੇ।



Sri Satguru Jagjit Singh Ji Elibrary NamdhariElibrary@gmail.com

# ਦੁੱਖ ਨੱਸਦੇ ਨੇ

ਤੇਰਾ ਨਾਮ ਲਿਆਂ ਦੁਖ ਨੱਸਦੇ ਨੇ,
ਤੇਰੀ ਸ਼ਰਨ ਪਿਆਂ ਰੋਂਦੇ ਹੱਸਦੇ ਨੇ।

ਮਿਟ ਜਾਂਦੀ ਏ ਸਾਰੀ ਸਾੜ-ਸਤੀ,
ਹੋ ਜਾਂਦੀ ਏ ਕਾਇਆ ਮਾਨ ਮਤੀ,
ਸਭ ਦਾਇਮੀ ਰੋਗ ਪੈ ਖੱਸਦੇ ਨੇ।

ਤੇਰਾ ਦਾਮਨ ਜਿਸ ਨੇ ਪਕੜ ਲਿਆ,
ਜਿੰਨੂੰ ਬਾਹਾਂ ਵਿਚ ਤੂੰ ਜਕੜ ਲਿਆ,
ਦੁਖ ਦਰਦਾ ਦੇ ਨਾਗ ਨ ਡੱਸਦੇ ਨੇ।

ਸੁਖ ਸਮਰਿਧੀਆਂ ਦੀ ਖਾਨ ਹੈਂ ਤੂੰ,
ਸਾਡੀ ਹਰ ਮੁਸਕਾਨ ਦੀ ਜਾਨ ਹੈਂ ਤੂੰ,
ਛਡ ਭਾਗ ਆ ਤਲੀਆਂ ਝੱਸਦੇ ਨੇ।

ਉਹਦਾ ਵਰਤਮਾਨ ਰੰਗੀਨ ਬਣੇ,
ਜਿਹੜਾ ਉਸ ਦੇ ਦਰ ਦਾ ਦੀਨ ਬਣੇ,
ਲੋਕੀਂ ਵਡ ਭਾਗਾ ਉਹਨੂੰ ਦਸਦੇ ਨੇ।

ਜਿੰਨੂੰ ਝਲਕ ਦੀਦਾਰ ਦੀ ਮਿਲ ਜਾਏ,
ਹਰ ਆਸ ਦਾ ਕੰਵਲ ਖਿਲ ਜਾਏ,
ਦੁੱਖ ਹੋਰ ਨ ਉਸ ਨੂੰ ਗਰੱਸਦੇ ਨੇ।

ਨ੍ਹੇਰੇ ਵਿਚ ਚਾਨਣ ਕਰ ਦੇਵੇਂ,
ਸਭ ਖਾਲੀ ਝੋਲਾਂ ਭਰ ਦੇਵੇਂ,
ਮੰਦੜੇ ਦਿਨ ਫੇਰ ਸਰੱਸਦੇ ਨੇ।

ਮਿਲਿਆਂ ਹੀ ਕਾਇਆ ਪਲਟਦੀ ਏ,
ਇਕ ਤੰਦ ਨਹੀਂ ਤਾਣੀ ਸੁਲਟਦੀ ਏ,
ਇਸ ਦਸ਼ਾ ਨੂੰ ਦੇਵ ਤਰੱਸਦੇ ਨੇ।

'ਅਮਰੀਕ' ਦੇ ਨਾਲ ਕਮਾਲ ਬਣੀ,
ਉਹਦੀ ਹਸਤੀ ਲੋਹਿਓਂ ਲਾਲ ਬਣੀ,
ਕੁਲ ਕ੍ਰਿਸ਼ਮੇਂ ਹੀ ਤੇਰੇ ਦਰੱਸਦੇ ਨੇ।



Sri Satguru Jagjit Singh Ji Elibrary NamdhariElibrary@gmail.com

# ਅਪਣੀ ਓਟ ਦਿਓ

ਸੱਜਣ ਜੀ ਅਪਣੀ ਓਟ ਦਿਓ।
ਕੱਢ ਮਨ ਮੇਰੇ ਦੇ ਖੋਟ ਦਿਓ।

ਮੇਰੇ ਸਾਰੇ ਵਿਸ਼ੇ ਵਿਕਾਰਾਂ ਨੂੰ,
ਅੰਦਰ ਦੇ ਮੰਦ ਉਦਗਾਰਾਂ ਨੂੰ,
ਇਕ ਮਾਰ ਕਰਾਰੀ ਚੋਟ ਦਿਓ।

ਹੰਕਾਰ ਮੇਰਾ ਹਰ ਦੂਰ ਕਰੋ,
ਹਉਮੈਂ ਨੂੰ ਚਕਨਾ ਚੂਰ ਕਰੋ,
ਲਬ-ਲੋਭ ਦੇ ਸਿਰ ਵਿਚ ਸੋਟ ਦਿਓ।

ਅਜ ਬਹੁਤੋ ਤਪਦੇ ਥੰਮਾਂ ਚੋਂ,
ਕੀਤਾ ਕੋਈ ਕੰਮ ਨਹੀਂ ਕੰਮਾਂ ਚੋਂ,
ਇਸ ਜੀਵਨ ਨੂੰ ਕਰ ਲੋਟ ਦਿਓ।

ਦਿਓ ਤੋੜ ਭੁਲੇਖੇ ਭਰਮਾਂ ਨੂੰ,
ਵੇਖੋ ਨਾਂ ਮੇਰੇ ਮੰਦ ਕਰਮਾਂ ਨੂੰ,
ਹਰ ਏਕ ਗੁਨਾਹ ਚੋਂ ਛੋਟ ਦਿਓ।

ਔਗੁਣ ਨਾ ਗਿਣੋਂ ਇਕ ਤਰਲਾ ਏ,
ਇਹ ਬਹੁਤ ਲੰਮੇਰਾ ਫ਼ਰਲਾ ਏ,
ਕਰ ਬਖ਼ਸ਼ ਦੀ ਸਿਰ ਤੋਂ ਸੋਟ ਦਿਓ।

ਮਿਠ-ਬੋਲ ਤੁਸਾਂ ਦੇ ਸੁਣਦਾ ਰਹਾਂ,
ਮਸਤੀ ਵਿਚ ਸਿਰ ਮੈਂ ਧੁਣਦਾ ਰਹਾਂ,
ਇਨ੍ਹਾਂ ਬੋਲਾਂ ਦੀ ਹੁਣ ਨ ਤੋਟ ਦਿਓ।

ਤੇਰੇ ਆਹਲਣੇ ਵਿਚ ਹੀ ਰਹਿਣਾ ਦੇਂ,
ਗ਼ਲਤੀ ਕਰ ਡਿੱਗ ਨ ਪੈਣਾ ਦੇਂ,
'ਅਮਰੀਕ' ਨੂੰ ਓਟ ਜਿਓਂ ਬੋਟ ਦਿਓ।



Sri Satguru Jagjit Singh Ji Elibrary NamdhariElibrary@gmail.com

# ਇਕ ਝਲਕ ਦੀਦਾਰ ਦੀ

ਸਾਨੂੰ ਲੋੜ ਹੈ ਕੇਵਲ ਮਾਹੀ ਦੀ।
ਇਕ ਝਲਕ ਦੀਦਾਰ ਦੀ ਚਾਹੀਦੀ।

ਸੂਰਤ ਅਤੇ ਸੀਰਤ ਐਸੀ ਏ,
ਕੋਈ ਹੋਰ ਨ ਜਿਸਦੇ ਜੈਸੀ ਏ,
ਨਹੀਂ ਦੱਸ ਹੋਣਾ ਉਹ ਕੈਸੀ ਏ,
ਹੈ ਜਾਗਦੀ ਜੋਤ ਇਲਾਹੀ ਦੀ।

ਮੈਂ ਸਿਫ਼ਤ ਕੀ ਨਾਲ ਜ਼ਬਾਨ ਕਰਾਂ,
ਪਰਬਤ ਨੂੰ ਕੀਕਰ ਤੋਲ ਧਰਾਂ,
ਸਾਗਰ ਕਿੰਜ ਚੂੰਝਾਂ ਨਾਲ ਭਰਾਂ,
ਹਸਤੀ ਨ ਰਤਾ ਸਲਾਹੀ ਦੀ।

ਜਦ ਮਿਹਰ ਦੀ ਨਜ਼ਰੇ ਤਕਦੇ ਨੇ,
ਦੁਖ ਨੇੜੇ ਆਉਣੋਂ ਝਕਦੇ ਨੇ,
ਸੰਕਟ ਨ ਪਾਸ ਆ ਸਕਦੇ ਨੇ,
ਹੱਦ ਹੋ ਜਾਂਦੀ ਏ ਮਨਾਹੀ ਦੀ।

ਤੁਸੀਂ ਸਾਰੇ ਜਗ ਦੇ ਮਾਲਿਕ ਹੋ,
ਖਲਕਤ ਦੇ ਅਸਲੀ ਖਾਲਿਕ ਹੋ,
ਸਭ ਲੋਕਾਂ ਦੇ ਪ੍ਰਤਿ ਪਾਲਕ ਹੋ,
ਹਦ ਕੋਈ ਨਹੀਂ ਪਾਤਸ਼ਾਹੀ ਦੀ।

ਜਗ ਹਥੋਂ ਬਹੁਤ ਸਤਾਇਆ ਹਾਂ,
ਹੁਣ ਆਪ ਦੇ ਦਰ ਤੇ ਆਇਆ ਹਾਂ,
ਮੰਦ ਕਰਨੀ ਤੇ ਪਛਤਾਇਆ ਹਾਂ,
ਕੀਹ ਲੋੜ ਹੈ ਕਿਸੇ ਗਵਾਹੀ ਦੀ।

ਸਿਰ ਹੱਥ ਧਰ ਅਪਣੀ ਛਾਂ ਦੇਵੇ,
ਕੰਡ ਮੇਰੇ ਵਲ ਕਰ ਨ ਦੇਵੇ,
ਕਦਮਾਂ ਵਿਚ ਮੈਨੂੰ ਥਾਂ ਦੇਵੇ,
ਤੁਸੀਂ ਰੱਖ ਲੌ ਲਾਜ ਕੁਰਾਹੀ ਦੀ।

'ਅਮਰੀਕ' ਨੂੰ ਜੋ ਲੜ ਲਾਇਆ ਜੇ,
ਇਹਦਾ ਬੇੜਾ ਪਾਰ ਕਰਾਇਆ ਜੇ,
ਬਸ ਝਿੜਕ ਨ ਕਦੇ ਦੁਆਇਆ ਜੇ,
ਯਮ-ਰਾਜ ਦੇ ਕਿਸੇ ਸਿਪਾਹੀ ਦੀ।



Sri Satguru Jagjit Singh Ji Elibrary NamdhariElibrary@gmail.com

# ਯਾਦ ਅਸਾਨੂੰ ਆਏ ਹੋ

ਸਾਂਝ ਸਵੇਰੇ ਯਾਦ ਅਸਾਨੂੰ ਆਏ ਹੋ।
ਇਕ ਪਲ ਵੀ ਨਾਂ ਭੁੱਲ ਅਸਾਨੂੰ ਪਾਏ ਹੋ।

ਤਨ ਮਨ ਵਿਚੋਂ ਮਹਿਕ ਤੁਸਾਂ ਦੀ ਆਉਂਦੀ ਏ,
ਰੋਮ ਰੋਮ ਵਿਚ ਸਦਾ ਹੀ ਤੁਸੀਂ ਸਮਾਏ ਹੋ।

ਤੁਸੀਂ ਹਮੇਸ਼ਾਂ ਤਪਦੇ ਸਾਡੇ ਸੀਨੇ ਤੇ,
ਸਾਵਨ ਦੀ ਘਨਘੋਰ ਘਟਾ ਬਣ ਛਾਏ ਹੋ।

ਹੋਰ ਅਸਾਡਾ ਮਨ ਕਿਧਰੇ ਵੀ ਟਿਕਿਆ ਨਾ,
ਤੁਸੀਂ ਅਜੇਹੇ ਮਨ ਸਾਡੇ ਨੂੰ ਭਾਏ ਹੋ।

ਅਸੀਂ ਜਾਣੀਦੇ ਤੈੜੀ ਆਪਣੀ ਹਾਲਤ ਨੂੰ,
ਕੋਲ ਅਸਾਡੇ ਰਹਿਣੋ ਨਾ ਸ਼ਰਮਾਏ ਹੋ।

ਕਿਹੜੈ ਸੰਕਟ ਜੋ ਸਾਡੇ ਸਿਰ ਝੁੱਲਿਆ ਨਹੀਂ,
ਹਰ ਸੰਕਟ ਤੋਂ ਕੋਹਾਂ ਦੂਰ ਲਿਆਏ ਹੋ।

ਨ੍ਹੇਰੇ ਵਿਚ ਵੀ ਰਹਿੰਦੇ ਸਾਥੋ ਦੂਰ ਨਹੀਂ,
ਸੱਜਣ ਜੀ ਤੁਸੀਂ ਸਾਡੇ ਐਸੇ ਸਾਏ ਹੋ।

ਕੋਝ ਕਦੇ 'ਅਮਰੀਕ' ਜਿਹਾਂ ਦਾ ਨਾ ਦਿਸਿਆ,
ਅੰਗ ਅੰਗ ਤੇ ਐਸੇ ਤੁਸੀਂ ਸੁਹਾਏ ਹੋ।



Sri Satguru Jagjit Singh Ji Elibrary NamdhariElibrary@gmail.com

# ਜ਼ਰਾ ਮੁਸਕਰਾਓ

ਪਲਟ ਦੇਵੇ ਕਾਇਆ ਜ਼ਰਾ ਮੁਸਕਰਾਓ।
ਪਵੇ ਠੰਢ ਸੀਨੇ ਲਿਪਟ ਨਾਲ ਜਾਓ।

ਤੁਸਾਂ ਜਹੇ ਤੁਸੀਂ ਹੋ ਮੇਰੇ ਜਹੇ ਹਜ਼ਾਰਾਂ,
ਮੈਂ ਚਾਹਾਂ ਸਦਾ ਸੋਹਣੀ ਸੂਰਤ ਨਿਹਾਰਾਂ,
ਕਰੋ ਚਾਰ ਅਖੀਆਂ ਨਜ਼ਰ ਨਾ ਝੁਕਾਓ।

ਸੁਣੇ ਬੋਲ ਮਿਠੱੜੇ ਤਾਂ ਰਸ ਰਸ ਹਾਂ ਹੋਇਆ,
ਮੇਰੇ ਮਨ ਦੀ ਤੰਦ ਮੈਲ ਨੂੰ ਕਿਸ ਨੇ ਧੋਇਆ,
ਉਹ ਮਸਤੀ ਭਰੀ ਤਾਨ ਅਜ ਫਿਰ ਸੁਨਾਓ।

ਬੜੀ ਸ਼ਾਨ ਉੱਚੀ ਮੈਂ ਕਰਮਾਂ ਦਾ ਹੀਣਾ,
ਤੁਸਾਂ ਦੀ ਨਜ਼ਰ ਨਾਲ ਹੀ ਮੁਕਤ ਥੀਣਾ,
ਹਨੇਰਾ ਹੈ ਮਨ ਜੋਤ ਮੁੜ ਕੇ ਜਗਾਓ।

ਗੁਨਾਹਾਂ ਦਾ ਅੰਬਾਰ ਹੈ ਕੋਲ ਮੇਰੇ,
ਤੇ ਬਖਸ਼ਸ਼ ਦਾ ਭੰਡਾਰ ਹੈ ਕੋਲ ਤੇਰੇ,
ਗੁਨਾਹ ਨਾ ਗਿਣੋ ਅਪਣਾਂ ਕਰਤਵ ਨਿਭਾਓ।

ਤੁਸਾਂ ਦਾ ਹੈ ਦੀਦਾਰ ਦਰਦਾਂ ਦਾ ਦਾਰੂ,
ਨਜ਼ਰ ਆਪ ਦੀ ਸਾਰੇ ਕਸ਼ਟਾਂ ਤੇ ਭਾਰੂ,
ਰਹੇ ਸਾਹਮਣੇ ਸਾਰੇ ਪਰਦੇ ਹਟਾਓ।

ਤੁਸਾਂ ਪਾਸ ਬੈਠਾਂ ਤਾਂ ਰਬ ਨੇੜੇ ਦਿਸਦੈ,
ਇਹ ਹਰ ਚਿਹਰੇ ਉਤੇ ਜਲਾਲ ਹੋਰ ਕਿਸਦੈ,
ਰਹੋ ਦੂਰ ਨਾ ਹੁਣ ਮੇਰੇ ਪਾਸ ਆਓ।



Sri Satguru Jagjit Singh Ji Elibrary NamdhariElibrary@gmail.com

ਤੁਸੀਂ ਵਾਂਗ ਪਾਰਸ ਮੈਂ ਜ਼ੰਗ ਲਗਾ ਲੋਹਿਆ,
ਮੈਂ ਹਾਂ ਲਾਲ ਬਣਿਆ ਤੁਸਾਂ ਸੰਗ ਜਾਂ ਛੋਹਿਆ,
ਐ ਲੋਕੋ ਤੁਸੀਂ ਵੀ ਜ਼ਰਾ ਆਜ਼ਮਾਓ।

ਨਿਰਾਸ਼ਾ 'ਚ ਡੁਬਿਆ ਜੋ ਇਸ ਦਰ ਤੇ ਆਵੇ,
ਉਹ ਮੂੰਹ ਮੰਗੀਆਂ ਏਥੋਂ ਮੁਰਾਦਾਂ ਨੂੰ ਪਾਵੇ,
ਜ਼ਰਾ ਏਥੇ ਆਓ ਤੇ ਦਾਮਨ ਫੈਲਾਓ।

ਤੁਸੀਂ ਮਿਹਰ ਦਾਤੇ ਮੈਂ ਦਰ ਦਾ ਸੁਆਲੀ,
ਭਟਕ ਜਾਵਾਂ ਰਾਹ ਜੇ ਨਾ ਹਾਲਤ ਸੰਭਾਲੀ,
ਸਦਾ ਅਪਣਾਂ ਅਮਰੀਕ ਤਾਂਈਂ ਬਣਾਓ।



Sri Satguru Jagjit Singh Ji Elibrary NamdhariElibrary@gmail.com

# ਦਿਲ ਦੀ ਗੱਲ ਕਹਿਣੀ ਏਂ

ਕਿਤੇ ਕਲਿਆਂ ਮਿਲੋ ਤਾਂ ਦਿਲ ਦੀ ਗੱਲ ਕਹਿਣੀ ਏਂ।
ਲੋਕਾਂ ਸਾਹਮਣੇ ਮੇਰੀ ਨਾਂ ਕਦੇ ਸੰਗ ਲਹਿਣੀ ਏਂ।

ਵੈਸੇ ਕਿਹੜਾ ਏ ਉਹ ਭੇਤ ਜੋ ਨਹੀ ਜਾਣਦੇ ਤੁਸੀਂ,
ਹਰ ਮਰਜ਼ ਦੀ ਨਬਜ਼ ਹੋ ਪਛਾਣਦੇ ਤੁਸੀਂ,
ਫਿਰ ਵੀ ਮੂੰਹ ਆਈ ਗੱਲ ਰੋਕੇ ਨਹੀਂ ਰਹਿਣੀ ਏਂ।

ਇਹਨਾਂ ਦੂਤੀਆਂ ਨੇ ਲੂਤੀਆਂ ਕਸੂਤੀਆਂ ਨੇ ਲਾਈਆਂ,
ਹੁੰਦਾ ਫਿਰੇ ਕੁਝ ਹੋਰ ਗੱਲਾਂ ਹੋਰ ਹੀ ਬਨਾਈਆਂ,
ਬਿਨਾਂ ਮਿਲੇ ਨਾ ਭੁਲੇਖਿਆ ਦੀ ਗਾਦ ਲਹਿਣੀ ਏ।

ਤੁਸੀਂ ਰੌਣਕਾਂ ਰਕੀਬਾਂ ਦੀਆਂ ਕੀਤੀਆਂ ਕਬੂਲ,
ਮੇਰੇ ਸਬਰਾਂ ਦੀ ਟੁੱਟੀ ਨਹੀਂ ਅਜੇ ਤਕ ਚੂਲ,
ਖੌਰੇ ਕਿੰਨਾਂ ਚਿਰ ਦੁੱਖਾਂ ਦੀ ਇਹ ਮਾਰ ਸਹਿਣੀ ਏ।

ਕੱਲੇ ਮਿਲਨ ਦੀ ਮੈਨੂੰ ਸਦਾ ਰਹਿੰਦੀ ਏ ਤਮੰਨਾਂ,
ਛੇਤੀ ਮਿਲੋ ਕਿਤੇ ਸਬਰਾਂ ਦਾ ਟੁਟਦਾ ਜੇ ਬੰਨਾਂ,
ਕਦੋਂ ਤੀਕ ਨੈਣੋਂ ਹੰਝੂਆਂ ਦੀ ਧਾਰ ਵਹਿਣੀ ਏਂ।

ਕਿਹੜੀ ਗੱਲੋਂ ਹੋ ਨਾਰਾਜ਼ ਸਾਨੂੰ ਸਮਝ ਨ ਆਈ,
ਅਸੀਂ ਔਗੁਣਾਂ ਦੇ ਭਰੇ ਨਹੀ ਗੁਣ ਇਕ ਰਾਈ,
ਸਾਡੀ ਤੁਸਾਂ ਬਿਨਾਂ ਹੋਰ ਕਿਸ ਸਾਰ ਲੈਣੀ ਏ।

ਤੁਸੀ ਸ਼ਹਿਦ ਨਾਲੋਂ ਮਿੱਠੇ ਅਸੀ ਤੁੰਮਿਓਂ ਵੀ ਕੌੜੇ,
ਸਾਡੀ ਸੋਚ ਵਾਲੇ ਘੇਰੇ ਅਤਿ ਨਿੱਕੇ ਅਤਿ ਸੌੜੇ,
ਸਾਡੀ ਤੁਸਾਂ ਦੇ ਬਗੈਰ ਬਹਾਲੀ ਨਹੀਂ ਬਹਿਣੀ ਏ।



Sri Satguru Jagjit Singh Ji Elibrary NamdhariElibrary@gmail.com

# ਹਰ ਪੱਖ ਮੇਰਾ ਰੁਸ਼ਨਾਓ

ਜੀਵਨ ਦਾ ਹਰ ਪਖ ਮੇਰਾ ਰੁਸ਼ਨਾਓ।
ਡਿੱਗਦਾ ਏ ਮਨ ਮੇਰਾ ਉਤ੍ਹਾਂ ਉਠਾਓ।

ਭੁਲਿਆ ਹੈ ਤੂਫ਼ਾਨ ਮੈਂ ਭੁਲਿਆ ਰਾਹਾਂ,
ਵਿਚ ਹਨੇਰੇ ਮੇਰੀਆਂ ਪਕੜੋ ਬਾਹਾਂ,
ਭਟਕ ਗਿਆ ਹਾਂ ਮਨਜ਼ਲ ਤੇ ਪਹੁੰਚਾਓ।

ਕੌੜੇ ਬੋਲਾਂ ਤਨ ਮਨ ਫੱਟੜ ਕੀਤਾ,
ਜੋ ਆਇਆ ਉਸ ਲਾਇਆ ਅਗਨ ਪਲੀਤਾ,
ਸ਼ਾਂਤ ਕਰੋ ਮਨ ਮੇਰਾ ਠੰਢ ਵਰਤਾਓ।

ਮੇਰੀ ਕੀਹ ਔਕਾਤ ਤੇਰਾ ਕੀਹ ਕਹਿਣਾ,
ਖੋਟ ਹਾਂ ਮੈਂ ਪਰ ਤੂੰ ਵਡ ਮੁੱਲਾ ਗਹਿਣਾ,
ਆਪਣੇ ਵਿਚ ਰਲਾ ਕੇ ਮੁਲ ਵਧਾਓ।

ਵੇਖ ਲਏ ਨੇ ਝੂਠੇ ਸਭ ਯਾਰਾਨੇ,
ਛੱਡ ਗਏ ਨੇ ਲੱਭ ਲੱਭ ਨਵੇਂ ਬਹਾਨੇ,
ਲੜ ਲਾਇਆ ਜੇ ਤਾਂ ਫਿਰ ਤੋੜ ਨਿਭਾਓ।

ਛੱਡ ਆਸਰੇ ਸਾਰੇ ਇਸ ਦਰ ਆਇਆ,
ਜੀਵਨ-ਲਕਸ਼ ਅਸਲ ਵਿਚ ਹੀ ਅਜ ਪਾਇਆ,
ਭਰ ਦੇਵੋ ਹੁਣ ਅਗਲੇ ਪਿਛਲੇ ਘਾਓ।

ਕੀਹ ਦੱਸਾਂ ਮੈਂ ਕੀਹ ਕੀਹ ਦੁਖੜੇ ਝੱਲੇ,
ਖਾਕ ਹੀ ਛਾਣੀ ਕੁਝ ਵੀ ਪਿਆ ਨ ਪੱਲੇ,
ਅਜ ਆਇਆ ਮਨ ਸਾਗਰ ਵਿਚ ਠਹਿਰਾਓ।



Sri Satguru Jagjit Singh Ji Elibrary NamdhariElibrary@gmail.com

ਤੂੰ ਦੀਪਕ ਮੈਂ ਨ੍ਹੇਰ ਕੋਠੜੀ ਜੇਹਾ,
ਤੂੰ ਹੋਵੇਂ ਤਾਂ ਫੇਰ ਹਨੇਰਾ ਕੇਹਾ,
ਤਨ ਮਨ ਦੀ ਇਹ ਕਾਲਖ ਦੂਰ ਹਟਾਓ।

ਚਾਰ ਚੁਫੇਰੇ ਬਾਜਾਂ ਛੈਹਾਂ ਲਾਈਆਂ,
ਬੋਟੀ ਬੋਟੀ ਕਰ ਦੇਵਨ ਗੇ ਸਾਈਆਂ,
ਖੰਭਾਂ ਹੇਠ ਲੁਕਾ ਕੇ ਜਾਨ ਬਚਾਓ।

ਤੁਸਾਂ ਨੂੰ ਲਵਾਂ ਪਛਾਣ ਉਹ ਦੇਵੋ ਅੱਖਾਂ,
ਮਨ-ਮੰਦਰ ਵਿਚ ਸਾਂਭ ਤੁਸਾਂ ਨੂੰ ਰੱਖਾਂ,
ਹਰ ਪਾਸੇ ਬੱਸ ਆਪ ਹੀ ਨਜ਼ਰੀ ਆਓ।

ਐਸੀਆਂ ਉੱਠਣ ਅਜ 'ਅਮਰੀਕ' ਤਰੰਗਾਂ,
ਮਾਹੀ ਦੀ ਰੰਗਣ ਵਿਚ ਆਪਾ ਰੰਗਾਂ,
ਰੋਕੋ ਨ ਅਜ ਲੋਕੋ ਘਰਾਂ ਨੂੰ ਜਾਓ।



Sri Satguru Jagjit Singh Ji Elibrary NamdhariElibrary@gmail.com

# ਕੌਣ ਕਰੇ ਦਿਲਜੋਈ

ਸੱਜਣਾਂ ! ਕੌਣ ਕਰੇ ਦਿਲਜੋਈ,
ਤੇਰੇ ਸਾਥ ਬਿਨਾਂ ਇਹ ਦੁਨੀਆਂ,
ਸਾਰੀ ਵੈਰਨ ਹੋਈ,

ਦੀਦ ਬਿਨਾਂ ਦੇ ਅੱਖੀਆਂ ਤਰਸਨ,
ਪਲ ਪਲ ਛਿਨ ਛਿਨ ਛਮ ਛਮ ਬਰਸਨ,
ਪਤਾ ਨਹੀਂ ਕਦ ਹੋਸਨ ਦਰਸਨ,
ਸੁਣ ਸਾਡੀ ਅਰਜੋਈ।

ਜੋਬਨ ਦੇ ਦਿਨ ਕਿਵੇਂ ਗੁਜ਼ਾਰਾਂ,
ਬਿਨ ਸੱਜਣ ਕਿਸ ਕੰਮ ਬਹਾਰਾਂ,
ਸੀਨੇ ਦੀ ਅੱਗ ਕੀਕਰ ਠਾਰਾਂ,
ਬਿਨ ਆਈਓ ਜਿੰਦ ਮੋਈ।

ਸਧਰਾਂ ਦੀ ਪੰਡ ਸਿਰ ਤੇ ਚਾਈ,
ਗਲੀ ਗਲੀ ਮੈਂ ਦਿਆਂ ਦੁਹਾਈ,
ਦਸਿਓ ਨੀ ਕਿਤ ਵੱਸਿਆ ਮਾਹੀ,
ਕਿਧਰੇ ਮਿਲੇ ਨ ਸੋਈ।

ਜੀਵਨ ਪੰਧ ਲੰਮੇਰਾ ਪੈਂਡਾ,
ਲੰਘੇਗਾ ਕਿੰਜ ਸਾਈਂ ਮੈਂਡਾ,
ਜੇਕਰ ਸਾਥ ਨ ਮਿਲਿਆ ਤੈਂਡਾ,
ਹੰਝਵੀ ਧੋਤੀ ਲੋਈ।

ਜੋਬਨ ਸਾਡਾ ਕਿਸ ਕੰਮ ਆਇਆ,
ਤੂੰ ਜਾ ਮੱਲਿਆ ਦੇਸ ਪਰਾਇਆ,
ਕਿਸਮਤ ਡਾਢਾ ਕਹਿਰ ਕਮਾਇਆ,
ਮਿਲੇ ਨ ਕਿਧਰੇ ਢੋਈ।



Sri Satguru Jagjit Singh Ji Elibrary NamdhariElibrary@gmail.com

# ਮਨ ਦੀ ਮੈਲ ਉਤਾਰੋ

ਆਇਆ ਹਾਂ ਆਪ ਦੇ ਦਰ ਤੇ, ਮੇਰੇ ਮਨ ਦੀ ਮੈਲ ਉਤਾਰੋ।
ਉਸ ਜਿਹਾ ਨ ਕੋਈ ਸੋਹਣਾਂ, ਮੇਰੀ ਅੱਖ ਦੇ ਨਾਲ ਨਿਹਾਰੋ।

ਉੱਜਲ ਦੀਦਾਰ ਹੈ ਜਿਸਦਾ, ਸੁੰਦਰ ਹੈ ਸਭ ਤੋਂ ਦਿਸਦਾ,
ਉਸ ਚਸ਼ਮਿਓਂ ਪਿਆਰ ਹੀ ਰਿਸਦਾ, ਚਿਹਰੇ ਤੇ ਨਜ਼ਰ ਤਾਂ ਮਾਰੋ।

ਉਹ ਥਾਂ ਥਾਂ ਘੁੰਮਦੇ ਫਿਰਦੇ ਨਿਤ ਖ਼ੁਸ਼ੀਆਂ ਵੰਡਦੇ ਫਿਰਦੇ,
ਦੁਖ ਧੁੜ ਨੂੰ ਛੰਡਦੇ ਫਿਰਦੇ, ਮਨ ਜ਼ਰਾ ਕੁ ਤੇ ਖਲਿਹਾਰੋ।

ਮਸਤੀ ਦੇ ਭਰੇ ਭੰਡਾਰੇ, ਅਤੇ ਸਭ ਕੁਝ ਕਰਨੇ ਹਾਰੇ,
ਬਸ ਮਹਿਮਾ ਅਪਰ ਅਪਾਰੇ, ਨਾਂ ਲੈ ਕੇ ਜਨਮ ਸਵਾਰੋ।

ਅਤਿ ਮਿੱਠੜੀ ਮਿੱਠੜੀ ਬੋਲੀ, ਜਿਓਂ ਦੁਧ ਵਿੱਚ ਮਿਸ਼ਰੀ ਘੋਲੀ,
ਸਭ ਦੇ ਹੀ ਨੇ ਹਮਜੋਲੀ, ਜੇ ਕਦੇ ਨਾ ਮਨੋ ਵਿਸਾਰੋ।

ਉਹ ਸਾਰੇ ਜਗ ਦੇ ਵਾਲੀ ਅਤੇ ਜਗ ਤੋਂ ਸ਼ਾਨ ਨਿਰਾਲੀ,
ਭਰ ਦੇਵਨ ਝੋਲਾਂ ਖਾਲੀ, ਜ਼ਰਾ ਝੋਲੀ ਠੀਕ ਖਿਲਾਰੋ।

ਤੁਸੀਂ ਸੁੰਦਰ ਸੂਰਜੋਂ ਚੰਦਰੋਂ, ਮੈਂ ਕੋਝਾ ਬਾਹਰੋਂ ਅੰਦਰੋਂ,
ਪਰ ਕਢਿਓ ਨ ਮਨ-ਮੰਦਰੋਂ, ਸਗੋਂ ਮਿਹਰ ਕਰੋ ਸ਼ਿੰਗਾਰੋ।



Sri Satguru Jagjit Singh Ji Elibrary NamdhariElibrary@gmail.com

# ਜਗਦੀ ਰਹਿਣ ਦਿਓ

ਜੋਤ ਪਿਆਰ ਦੀ ਹਰਦਮ ਜਗਦੀ ਰਹਿਣ ਦਿਓ।
ਗੱਲਾਂ ਗਲ ਗਲ ਆਈਆਂ ਸੱਭੇ ਕਹਿਣ ਦਿਓ।

ਪ੍ਰੇਮ ਪਿਆਲਾ ਅਸਾਂ ਜੋ ਭਰ ਭਰ ਪੀਤਾ ਏ,
ਤਨ ਮਨ ਸਾਡਾ ਜਿਸ ਨੇ ਰਸ ਰਸ ਕੀਤਾ ਏ,
ਨਸ਼ਾ ਅਗੰਮੀ ਚੜ੍ਹਿਆ ਕਦੇ ਨ ਲਹਿਣ ਦਿਓ।

ਮੇਹਰ ਅਜੇਹੀ ਕੀਤੀ, ਛੱਡੀ ਕਸਰ ਨਹੀਂ,
ਪਤਝੜ ਦਾ ਹੁਣ ਸਾਡੇ ਤੇ ਕੁਝ ਅਸਰ ਨਹੀਂ,
ਏਸ ਤਰ੍ਹਾਂ ਹੀ ਨਦੀ ਪਿਆਰ ਦੀ ਵਹਿਣ ਦਿਓ।

ਖ਼ੁਸ਼ਬੂਦਾਰ ਮਾਹੌਲ ਅਜੇਹਾ ਬਣਿਆ ਏ,
ਮਸਤੀ ਦਾ ਇਕ ਤਾਣਾ ਆਪ ਨੇ ਤਣਿਆ ਏ,
ਇਸ ਤਾਣੇ ਵਿਚ ਸਦਾ ਉਲਝ ਕੇ ਬਹਿਣ ਦਿਓ।

ਕਿਸੇ ਸਵਰਗ ਦੀ ਰਹੀ ਅਸਾਨੂੰ ਲੋੜ ਨਹੀਂ,
ਝੂਠੀਆਂ ਮੰਗਾਂ ਨਾਲ ਰਿਹਾ ਹੁਣ ਜੋੜ ਨਹੀਂ,
ਸਾਡੇ ਮਨ ਤੇ ਚਾਨਣਾ ਕਿਰਨਾਂ ਪੈਣ ਦਿਓ।

ਸ਼ਰਨ ਆਪ ਦੀ ਆਇਆਂ ਤ੍ਰਿਪਤੀ ਮਿਲਦੀ ਏ,
ਰੀਝ ਹਰੇਕ ਹੀ ਪੂਰੀ ਹੁੰਦੀ ਦਿਲਦੀ ਏ,
ਚੈਨ ਸਦੀਵੀ ਏਥੇ ਹੀ ਹੁਣ ਲੈਣ-ਦਿਓ।

ਮਾਨ ਮਿਲੇ 'ਅਮਰੀਕ' ਜਿਹਾਂ ਨੂੰ ਏਸ ਦਰੋਂ,
ਬਿਨ ਮੰਗਿਆਂ ਹੀ ਮਿਲਨ ਮੁਰਾਦਾਂ ਏਸ ਘਰੋਂ,
ਵਿਚ ਖ਼ੁਮਾਰ ਦੇ ਹੋਵਨ ਬੰਦ ਇਹ ਨੈਣ ਦਿਓ।



Sri Satguru Jagjit Singh Ji Elibrary NamdhariElibrary@gmail.com

# ਬਹੁਤ ਪਿਆਰਾ ਮੇਰਾ ਮੀਤ

ਉਸ ਦੀ ਸਿਫ਼ਤ ਕਰਾਂ ਮੈਂ ਕੀਕਰ ਬਹੁਤ ਪਿਆਰਾ ਮੇਰਾ ਮੀਤ।
ਰਬ ਕੋਲੋਂ ਬਸ ਇਹ ਹੀ ਮੰਗਾਂ, ਨਿਭ ਜੈ ਉਸ ਦੇ ਨਾਲ ਪ੍ਰੀਤ।
ਉਹ ਸੋਹਣਾ ਹੈ ਸਾਰੇ ਜਗ ਤੋਂ, ਐਸੀ ਹੈ ਮੇਰੀ ਪਰਤੀਤ।
ਉਸ ਤੋਂ ਹਰਦਮ ਹਾਰਨਾਂ ਲੋੜਾਂ ਰਹੇ ਸਦਾ ਹੀ ਉਸ ਦੀ ਜੀਤ।
ਕਦਮ ਉਸਦੇ ਜਿਤ ਵਲ ਉਠਦੇ, ਤਪਦੇ ਹਿਰਦੇ ਹੋਵਨ ਸੀਤ।
ਪਤਝੜ ਵਿਚ ਬਹਾਰਾਂ ਉਗਮਨ, ਹਿਰਦਿਆਂ ਅੰਦਰ ਮਚਲਨ ਗੀਤ।
ਬੋਲੇ ਤਾਂ ਕੰਨੀਂ ਰਸ ਘੁਲਦੇ, ਭਰਦਾ ਏ ਇਕ ਸਹਿਜ ਸੰਗੀਤ।
ਤਨ ਮਨ ਧਨ ਸਭ ਅਰਪਨ ਉਸਨੂੰ, ਸਭ ਕੁਝ ਹੈ ਉਸ ਦੀ ਮਲਕੀਤ।
ਉਸ ਦੇ ਸੰਗ ਇਕ ਮਿਕ ਹੋ ਜਾਵਾਂ, ਵਿਰਲ ਰਹੇ ਨਾਂ ਕੋਈ ਭੀਤ।
ਚਰਨਾਂ ਤੋਂ ਨਾਂ ਦੂਰ ਕਰੋ ਹੁਣ ਹੇ ਮੇਰੇ ਸਤਿਗੁਰ ਜਗਜੀਤ।



Sri Satguru Jagjit Singh Ji Elibrary NamdhariElibrary@gmail.com

# ਭੁੱਲਣਾ ਫ਼ਿਤਰਤ ਹੈ

ਭੁੱਲਣਾ ਫ਼ਿਤਰਤ ਹੈ ਹਰ ਇਨਸਾਨ ਦੀ,
ਪਰ ਤੇਰੀ ਫ਼ਿਤਰਤ ਹੈ ਬਖ਼ਸ਼ੀ ਜਾਣ ਦੀ।

ਥਿੜਕਦੇ ਰਹਿਣਾ ਹੈ ਮੇਰੀ ਜ਼ਿੰਦਗੀ,
ਫ਼ਿਕਰ ਨਹੀਂ ਜੇ ਓਟ ਹੈ ਬਲਵਾਨ ਦੀ।

ਅਜ ਗੁਨਾਹ ਸਾਰੇ ਹੀ ਬਖ਼ਸ਼ੇ ਜਾਣ ਗੇ,
ਬਣ ਗਈ ਬਿਰਤੀ ਜਦੋਂ ਬਖ਼ਸ਼ਾਣ ਦੀ।

ਦਿਲ ਦੀ ਹਰ ਨੁਕਰ ਹੀ ਉਜਲ ਹੋ ਗਈ,
ਮਿਹਰ ਦੀ ਹੋਈ ਨਜ਼ਰ ਭਗਵਾਨ ਦੀ।

ਖ਼ੁਸ਼-ਨਸੀਬੀ ਦਾ ਠਿਕਾਣਾ ਹੀ ਨਹੀਂ,
ਜਦ ਇਜਾਜ਼ਤ ਮਿਲ ਗਈ ਦਰ ਆਣ ਦੀ।

ਮੁਸਕਰਾ ਕੇ ਜਦ ਮੇਰੇ ਵਲ ਵੇਖਿਆ,
ਕੀਹ ਦਿਆਂ ਕੀਮਤ ਮੈਂ ਇਸ ਮੁਸਕਾਨ ਦੀ।

ਖੂੰਜਿਆਂ ਵਿਚ ਬੈਠ ਹੁਣ ਕਿਉਂ ਝੂਰੀਏ,
ਉਸ ਦੀ ਮਰਜ਼ੀ ਜਦ ਹੈ ਦਿਲ ਬਹਿਲਾਣ ਦੀ।

ਚਰਨ ਨ ਛਡੀਂ ਕਿਹੇ 'ਅਮਰੀਕ' ਨੂੰ,
ਆ ਗਈ ਨੇੜੇ ਘੜੀ ਕਲਿਆਣ ਦੀ।



Sri Satguru Jagjit Singh Ji Elibrary NamdhariElibrary@gmail.com

# ਜ਼ਿੰਦਗੀ ਦੀ ਰਾਸ

ਜ਼ਿੰਦਗੀ ਦੀ ਰਾਸ ਹੁਣ ਉੱਕਾ ਮੁੱਕ ਚੱਲੀ ਏ।
ਅਖੀਆਂ ਨੇ ਰਾਹ ਤੇਰੀ ਅਜੇ ਤੀਕ ਮੱਲੀ ਏ।

ਆਪ ਨ ਤੂੰ ਆਇਓਂ ਆਇਆ ਵਕਤ ਅਖੀਰ ਵੇ,
ਜਾਪਦਾ ਏ ਟੁੱਟ ਚੱਲੀ ਸਾਹਾਂ ਦੀ ਜ਼ੰਜੀਰ ਏ,
ਏਨਾਂ ਚਿਰ ਹੋਇਆ ਸੁਖ ਸਾਂਦ ਵੀ ਨਾਂ ਘੱਲੀ ਏ।

ਤੇਰੇ ਬਿਨਾਂ ਕਿਵੇਂ ਰਹਾਂ ਤੂੰ ਹੀ ਮੈਨੂੰ ਦੱਸਦੇ,
ਲੋਕੀ ਮੇਰਾ ਹਾਲ ਵੇਖ ਵਖ ਪੈ ਨੇ ਹਸਦੇ,
ਕਹਿੰਦਾ ਏ ਸੁਦੈਣ ਕੋਈ ਕਹੇ ਮੈਨੂੰ ਝੱਲੀ ਏ।

ਸੱਜਣਾਂ ਮੈਂ ਜਾਵਾਂ ਤੈਥੋਂ ਲਖ ਵਾਰ ਵਾਰਨੇ,
ਕਦੋਂ ਕੁ ਤੂੰ ਆਕੇ ਮੇਰੇ ਤਪੇ ਅੰਗ ਠਾਰਨੇ,
ਸੀਨੇ ਵਿਚ ਮੱਚੀ ਰਹਿੰਦੀ ਸਦਾ ਤਰਥੱਲੀ ਏ।

ਤੇਰੀ ਤਸਵੀਰ ਦੇਂਦੀ ਬੜਾ ਹੀ ਸਹਾਰਾ ਏ,
ਮਿਲਿਆਂ ਬਗੈਰ ਪਰ ਹੁੰਦਾ ਨ ਗੁਜ਼ਾਰਾ ਏ,
ਹੰਝੂਆਂ ਦੀ ਧਾਰ ਹੁਣ ਜਾਂਦੀ ਨਹੀਂ ਠੱਲੀ ਏ।

ਦਿਲ ਦੀਆਂ ਗੱਲਾਂ ਮੈਨੂੰ ਗਲ ਗਲ ਆਈਆਂ ਵੇ,
ਕਿਦ੍ਹੇ ਨਾਲ ਕਰਾਂ ਮੈਨੂੰ ਦੱਸ ਮੇਰੇ ਸਾਈਆਂ ਵੇ,
ਲੋਕਾਂ ਦਿਆਂ ਮਿਹਣਿਆਂ ਨੇ ਰੂਹ ਮੇਰੀ ਸੱਲੀ ਏ।

ਆਵੇਂ ਗਾ ਤਾਂ ਉਦੋਂ ਹੀ ਤੇ ਆਉਣਾਂ ਏ ਬਹਾਰ ਨੇ,
ਤੇਰੇ ਬਿਨਾਂ ਕੰਮ ਕਿਸ ਆਉਣਾਂ ਏ ਸ਼ਿੰਗਾਰ ਨੇ,
ਕਹੇ 'ਅਮਰੀਕ' ਰੂਹ ਤੇਰੇ ਬਿਨਾਂ ਕੱਲੀ ਏ।



Sri Satguru Jagjit Singh Ji Elibrary NamdhariElibrary@gmail.com

# ਭੇਤ ਦਿਲਾਂ ਦੇ ਜਾਣਦੇ ਹੋ

ਤੁਸੀਂ ਭੇਤ ਦਿਲਾਂ ਦੇ ਜਾਣਦੇ ਹੋ।
ਹਰ ਮਰਜ਼ ਦੀ ਨਬਜ਼ ਪਛਾਣਦੇ ਹੋ।

ਕਰਦੇ ਹੋ ਅਨੁਭਵ ਭਾਵਾਂ ਨੂੰ,
ਕੀਤਾ ਜੇ ਸ਼ਾਂਤ ਸੁਭਾਵਾਂ ਨੂੰ,
ਦੇ ਸੁਹਜ ਕੋਝੀਆਂ ਥਾਵਾਂ ਨੂੰ,
ਤੁਸੀਂ ਅਸਲੋਂ ਰਬ ਦੇ ਹਾਣ ਦੇ ਹੋ।

ਕੀਹ ਦੱਸੀਏ ਕਿਤਨੇ ਪਿਆਰੇ ਹੋ,
ਜੀਵਨ ਦੇ ਅਸਲ ਸਹਾਰੇ ਹੋ,
ਮੰਝਧਾਰੀ ਮਿਲੇ ਕਿਨਾਰੇ ਹੋ,
ਸੁਖ-ਚਾਦਰ ਸਿਰ ਤੇ ਤਾਣਦੇ ਹੋ।

ਹੋ ਜਾਵੇ ਨਿਗਾਹੇ ਮਿਹਰ ਜਦੋਂ,
ਹਟ ਜਾਵਨ ਕਪਟ ਦੇ ਢੇਰ ਤਦੋਂ,
ਕਾਇਆ ਪਲਟਦੇ ਲਗੇ ਦੇਰ ਕਦੋਂ,
ਮਾਹਿਰ ਕਿਸਮਤ ਬਦਲਾਣ ਦੇ ਹੋ।

ਜਿਸ ਧਰਤ ਤੇ ਚਰਨ ਟਿਕਾਏ ਜੇ,
ਸੁਖ ਉਮਡ ਉਮਡ ਕੇ ਆਏ ਜੇ,
ਹਟੇ ਹਰ ਸੰਕਟ ਦੇ ਸਾਏ ਜੇ,
ਤੁਸੀਂ ਆਸਰੇ ਹਰ ਇਨਸਾਨ ਦੇ ਹੋ।



Sri Satguru Jagjit Singh Ji Elibrary NamdhariElibrary@gmail.com

ਇਸ ਦਰ ਦੀ ਜਿਸ ਨੂੰ ਖਾਕ ਮਿਲੇ,
ਉਹਨੂੰ ਜ਼ਾਹਿਰਾ ਅੱਲਾ ਪਾਕ ਮਿਲੇ,
ਹਰ ਖਾਤਾ ਬੱਸ ਬੇਬਾਕ ਮਿਲੇ,
ਤੁਸੀਂ ਦਾਤੇ ਹਰ ਵਰਦਾਨ ਦੇ ਹੋ।

ਮੇਰੇ ਅੰਦਰ ਘੁਪ ਅੰਧਿਆਰਾ ਸੀ,
ਕੌਣ ਇਸ ਨੂੰ ਮੇਟਨ-ਹਾਰਾ ਸੀ,
ਤੁਸਾਂ ਮਾਰਿਆ ਇਕ ਲਿਸ਼ਕਾਰਾ ਸੀ,
ਬਸ ਬਦਲ ਤੁਸੀਂ ਚੰਦ ਭਾਨ ਦੇ ਹੋ।

ਮੈਂ ਮੂਰਖ ਕਦਰ ਨ ਜਾਣੀ ਏਂ,
ਸਾਰੀ ਉਮਰ ਕਰੀ ਮਨਮਾਨੀ ਏਂ,
ਤੁਸਾਂ ਬਖ਼ਸ਼ ਲਿਆ ਮਿਹਰਬਾਨੀ ਦੇਂ,
ਮਾਲਕ 'ਅਮਰੀਕ' ਨਾਦਾਨ ਦੇ ਹੋ।



Sri Satguru Jagjit Singh Ji Elibrary NamdhariElibrary@gmail.com

# ਹੋਏ ਹਾਂ

ਹੋਏ ਹਾਂ ਅਸੀਂ ਸ਼ਾਂਤ ਅਡੋਲ,
ਸੁਣ ਸੱਜਣ ਦੇ ਮਿੱਠੜੇ ਬੋਲ।

ਫੁੱਲਾਂ ਨਾਲ ਅਸਾਡੀ ਜਿਸ ਨੇ,
ਭਰ ਦਿੱਤੀ ਏ ਖ਼ਾਲੀ ਝੋਲ।

ਸੱਜਣ ਸਾਡਾ ਸਿਫ਼ਤੋਂ ਬਾਹਰਾ,
ਕੋਈ ਨ ਉਸ ਦਾ ਮਾਪ ਨ ਤੋਲ।

ਸਾਡੇ ਉਸ ਦੇ ਪਿਆਰ ਦਾ ਅਜ ਤਾਂ,
ਚਾਰ ਚੁਫੇਰੇ ਵੱਜਿਆ ਢੋਲ।

ਜ਼ਹਿਰ ਭਰੇ ਮਾਹੌਲ ਦੇ ਵਿਚ ਵੀ,
ਦੇਂਦਾ ਏ ਉਹ ਮਾਖਿਓਂ ਘੋਲ।

ਜਦ ਮਿਲਦਾ ਧੁਰ ਅੰਦਰੋਂ ਮਿਲਦਾ,
ਕਦੇ ਨ ਕਰਦਾ ਟਾਲ ਮਟੋਲ।

ਕੌਣ ਕਹੇ ਉਹ ਦੂਰ ਵਸੰਦਾ,
ਹਰਦਮ ਵੱਸਦੈ ਦਿਲ ਦੇ ਕੋਲ।

ਨੇੜ ਓਸ ਦਾ ਜਦ ਦਾ ਪਾਇਆ,
ਮਿਟੀ ਸਮੁੱਚੀ ਰੌਲ ਗਦੋਲ।

ਪਰਬਤ ਜੇਡਾ ਜੇਰਾ ਉਸਦਾ
ਸਹਿ ਜਾਂਦਾ ਏ ਬੋਲ ਕਬੋਲ।

ਜੇ ਕਰ ਨ 'ਅਮਰੀਕ' ਨੂੰ ਮਿਲਦਾ,
ਦੇਂਦਾ ਜਗ ਮਿੱਟੀ ਵਿਚ ਰੋਲ।



Sri Satguru Jagjit Singh Ji Elibrary NamdhariElibrary@gmail.com

# ਤੇਰੇ ਦਰ ਤੇ ਰੁਲਿਆਂ

ਮੇਰਾ ਮਾਨ ਵਧਦੈ ਤੇਰੇ ਦਰ ਤੇ ਰੁਲਿਆਂ।
ਸੰਵਰ ਜਾਣ ਜ਼ੁਲਫ਼ਾਂ ਤੇਰੇ ਦਰ ਤੇ ਖੁਲਿਆਂ।

ਤੂੰ ਗੁਣ-ਨਿਧ ਹੈਂ ਪਰ ਮੈਂ ਗੁਣਾਂ ਤੋਂ ਹਾਂ ਖ਼ਾਲੀ,
ਕਰੋ ਮਿਹਰ ਦਰ ਤੇ ਖੜਾ ਹੈ ਸਵਾਲੀ,
ਨ ਹੈਰਾਨ ਹੋਵੋ ਗੁਨਾਹ ਮੇਰੇ ਭੁਲਿਆਂ।

ਤੂੰ ਦੀਨਾਂ ਤੇ ਦੁੱਖੀਆਂ ਦਾ ਅੰਤਮ ਸਹਾਰਾ,
ਤੂੰ ਮੰਝਧਾਰ ਫਸਿਆਂ ਦਾ ਬਣਨੈ ਕਿਨਾਰਾ,
ਤੂੰ ਰਸਤਾ ਵਖਾਵੇਂ ਹਨੇਰਾਂ ਦੇ ਭੁਲਿਆਂ।

ਤੇਰੀ ਇਕ ਨਜ਼ਰ ਪਲਟ ਦੇਂਦੀ ਏ ਕਾਇਆ,
ਖਤਮ ਕਰ ਦਵੇ ਬਦ ਨਸੀਬੀ ਦਾ ਸਾਇਆ,
ਬਣਨ ਹੰਝੂ ਹੀਰੇ ਤੇਰੇ ਦਰ ਤੇ ਡੁਲ੍ਹਿਆਂ।

ਤੇਰੇ ਬੋਲ ਕੰਨਾਂ 'ਚ ਰਸ ਘੋਲਦੇ ਨੇ,
ਬਹਿਸ਼ਤਾਂ ਦੇ ਬੂਹੇ ਪਏ ਖੋਲਦੇ ਨੇ,
ਤੂੰ ਵੱਸ ਆਵੇਂ ਬੱਸ ਆਪਣੇ ਆਪੇ ਨੂੰ ਭੁਲਿਆਂ।

ਜਿਧਰ ਦੇਖਦਾਂ ਸਭ ਤੇਰਾ ਹੀ ਪਸਾਰਾ,
ਇਹ ਆਕਾਸ਼ ਧਰਤੀ ਦਾ ਅਧਭੁਤ ਨਜ਼ਾਰਾ,
ਨਜ਼ਰ ਆਵੇਂ ਗੁਲਸ਼ਨ ਚ 'ਕਲੀਆਂ ਦੇ ਖਿਲਿਆਂ।

ਤੇਰੇ ਦਰ ਨੂੰ ਛੱਡ ਹੋਰ ਕਿਸ ਦਰ ਤੇ ਜਾਵਾਂ,
ਮੈਂ ਗੱਲ ਦਿਲ ਦੀ ਦੱਸ ਹੋਰ ਕਿਸ ਨੂੰ ਸੁਨਾਵਾਂ,
ਨਹੀਂ ਭਾਰ ਬਣਦਾ ਕਿਤੇ ਹੋਰ ਤੁਲਿਆਂ।



Sri Satguru Jagjit Singh Ji Elibrary NamdhariElibrary@gmail.com

ਮੈਂ ਬੀਮਾਰ ਦਿਲ ਦਾ ਤੂੰ ਮੇਰਾ ਮਸੀਹਾ,
ਦਿਨੇ ਰਾਤ ਕੂਕਾਂ ਜਿਵੇਂ ਇਕ ਪਪੀਹਾ,
ਕਰੋ ਸ਼ਾਂਤ ਮਨ ਜੋ ਜਲੇ ਵਾਂਗ ਚੁਲ੍ਹਿਆਂ।

ਕਿਵੇਂ ਕੋਲ ਆਵਾਂ ਮੇਰੇ ਕੋਲ ਕੀਹ ਏ,
ਜੇ ਬਖ਼ਸ਼ਿਸ਼ ਕਰੋ ਤਾਂ ਮੇਰੀ ਝੋਲ ਕੀਹ ਏ,
ਤੂੰ ਬੇ-ਮੁੱਲਿਆਂ ਨੂੰ ਬਣਾਵੇਂ ਅਮੁਲਿਆਂ।

ਹੇ ਜਗਜੀਤ ਗੁਰ ਇਕ ਸੁਣੋ ਅਰਜ਼ ਮੇਰੀ,
ਤੇਰੇ ਚਰਨਾਂ ਤੇ ਅਜ ਹੈ 'ਅਮਰੀਕ' ਢੇਰੀ,
ਉਮਰ ਭਰ ਹੀ ਮੈਂ ਔਕੜਾਂ ਨਾਲ ਘੁਲਿਆਂ।



Sri Satguru Jagjit Singh Ji Elibrary NamdhariElibrary@gmail.com

# ਗੁਰ ਜਗਜੀਤ ਬਿਨਾਂ ਸੁਖ ਨਾਹੀਂ

ਜਦ ਪੰਜਾਬ ਦੀ ਧਰਤੀ ਵਿਚੋਂ ਉੱਠੇ ਅਗਨ ਭਬੂਕੇ,
ਇਸ ਅਗਨੀ ਨੇ ਕਈ ਮਾਸੂਮਾਂ ਨੂੰ ਕੋਹਿਆ ਘਰ ਫੂਕੇ।

ਸਹਿਮ ਤੇ ਨਫ਼ਰਤ ਦਹਿਸ਼ਤ ਗਰਦੀ ਪਸਰੀ ਚਾਰ ਚੁਫੇਰੇ,
ਵਾੜ ਖੇਤ ਆਪੋ ਵਿਚ ਲੜਦੇ, ਹੋਏ ਜ਼ੁਲਮ ਘਨੇਰੇ।

ਅਕਲ ਦੀ ਗੱਲ ਕਰੇ ਜੇ ਕੋਈ, ਉਸ ਦੀ ਧੌਣ ਭਨੀਂਦੀ,
ਹੋਣੀ ਅਜ ਹਾਬੜ ਕੇ ਯਾਰੋ, ਰੱਤ ਲੋਕਾਂ ਦੀ ਪੀਂਦੀ।

ਧਰਮ ਧਰਤੀਆਂ ਦੂਸ਼ਤ ਹੋਈਆਂ ਧਰਮੀ ਬਣੇ ਅਧਰਮੀ,
ਛਡ ਸ਼ਰਮਾਂ ਦੀਆਂ ਗੱਲਾਂ ਅਸਲੋਂ ਸਭ ਨੇ ਫੜੀ ਬੇਸ਼ਰਮੀ।

ਪੱਗ ਕਿਸੇ ਦੀ ਨਹੀਂ ਸੁਰਖਿਅਤ ਖਤਰੇ ਵਿਚ ਨੇ ਜਾਨਾਂ,
ਬਦ ਅਮਨੀ ਚੋਂ ਅਮਨ ਭਾਲਦੇ, ਹੋਇਆ ਲੋਕ ਕੁਦਾਨਾਂ।

ਉਹ ਹੋਇਆ ਜੋ ਕਦੇ ਨ ਹੋਇਆ, ਲਹੂ ਸਰੋਵਰੀਂ ਰਲਿਆ,
ਇਜ਼ਤ ਮਾਨ ਮਿੱਟੀ ਵਿਚ ਮਿਲ ਗਏ, ਕੋਈ ਕੁਕਰਮ ਹੈ ਫਲਿਆ।

ਬਿਨ ਸੱਚੀ ਅਗਵਾਈ ਸਮਝੋ ਇਹ ਸਭ ਕੁਝ ਹੈ ਹੋਇਆ,
ਲਹੂ ਤੇ ਮਾਸ ਨੇ ਇਕ ਦੂਜੇ ਦਾ ਜਿਓਂ ਵਿਸ਼ਵਾਸ ਹੀ ਖੋਇਆ।

ਐਸੇ ਮਹਾ-ਭਿਆਨਕ ਵੇਲੇ ਯਾਦ ਉਹ ਧਰਤੀ ਆਵੇ,
ਜਿਸ ਥਾਂ ਆ ਕੇ ਵੈਰੀ ਦੇ ਗਲ ਵੈਰੀ ਬਾਹਾਂ ਪਾਵੇ।

ਇਸ ਧਰਤੀ ਦੇ ਪਾਣੀ ਵਿਚ ਨੇ ਉਹ ਠੰਢੀਆਂ ਤਾਸੀਰਾਂ,
ਪੀਂਦਿਆਂ ਮਨੋ ਵਿਰੋਧਾਂ ਭਰੀਆਂ ਮਿਟ ਜਾਵਨ ਤਕਸੀਰਾਂ।

ਇਸ ਧਰਤੀ ਦੇ ਮਾਲਕ ਤਾਈਂ ਇਕ ਵੇਰਾਂ ਜੋ ਤੱਕੇ,
ਮਨ ਨਿਰਮਲ ਤਨ ਉੱਜਲ ਹੋਵੇ ਮਨਮਤ ਡੇਰਾ ਚੱਕੇ।



Sri Satguru Jagjit Singh Ji Elibrary NamdhariElibrary@gmail.com

ਆਓ ਭਟਕ ਰਹੇ ਇਨਸਾਨੋ ਭੈਣੀ ਸਾਹਿਬ ਆਵੋ,
ਚਰਨੀ ਲਗ ਕੇ ਤਪਦੇ ਹਿਰਦੇ ਠੰਢੇ ਠਾਰ ਬਨਾਵੋ।

ਧੁੰਨੀ ਵਿਚ ਕਸਤੂਰੀ ਹੁੰਦਿਆਂ, ਜੰਗਲਾਂ ਵਿਚ ਨ ਭਾਲੋ,
ਰਾਮ ਸਰੋਵਰ ਦੇ ਵਿਚ ਆ ਕੇ ਅਪਣਾਂ ਆਪ ਹੰਗਾਲੋ।

ਅਮਨ ਏਕਤਾ ਦੀ ਮਾਲਾ ਵਿਚ ਅਗਰ ਪਰੁਚਣਾ ਚਾਹੋ,
ਭੈਣੀ ਸਾਹਿਬ ਕੱਠੇ ਹੋ ਕੇ ਮਨੋ ਕਦੂਰਤ ਲਾਹੋ।

"ਨਫਰਤ ਨਾਲ ਨਾਂ ਨਫ਼ਰਤ ਮਿਟਦੀ", ਗੁਰ ਜਗਜੀਤ ਇਹ ਦੱਸਦੈ,
ਉਸ ਅੰਦਰ ਰਬ ਵੱਸਦੈ ਹਰਦਮ, ਪਿਆਰ ਜਿਦ੍ਹੇ ਵਿਚ ਵੱਸਦੈ।

ਅੱਗ ਲਗੇ ਤਾਂ ਨੱਸਿਆਂ ਭੱਜਿਆਂ ਅੱਗ ਕਦੇ ਨਾ ਬੁੱਝਦੀ,
ਇਸ ਨੂੰ ਸ਼ਾਂਤ ਕਰਨ ਲਈ ਏਦਾਂ ਵਿਓਂਤ ਕਦੇ ਨ ਸੁਝਦੀ।

ਭੈਣੀ ਸਾਹਿਬ ਅਮਨ ਦੀ ਧਰਤੀ ਤੇ ਕੱਠੇ ਹੋ ਬਹੀਏ,
ਜਿਸ ਨੇ ਮਨ ਦੀ ਅਗਨ ਬੁਝਾਈ ਉਸ ਦੇ ਚਰਨੀ ਪਈਏ।

ਸੁਣ 'ਅਮਰੀਕ' ਭਟਕ ਨਾ ਐਵੇਂ ਨਾ ਕਰ ਜੱਕੋ ਤੱਕੇ,
ਗੁਰ ਜਗਜੀਤ ਬਿਨਾਂ ਸੁਖ ਨਾਂਹੀ, ਦਰ ਦਰ ਨਾ ਖਾ ਧੱਕੇ।



Sri Satguru Jagjit Singh Ji Elibrary NamdhariElibrary@gmail.com

# ਹਥ ਤੇਰੇ ਡੋਰ

ਮੇਰੀ ਜ਼ਿੰਦਗੀ ਦੀ ਹੱਥ ਤੇਰੇ ਡੋਰ
ਮੇਰਾ ਆਸਰਾ ਕਿਤੇ ਨ ਕੋਈ ਹੋਰ।

ਧੰਨ ਭਾਗ ਸ਼ਰਨ ਤੇਰੀ ਪਾਈ ਏ,
ਲੱਥੀ ਮਨ ਉਤੋਂ ਸੰਘਣੀ ਸਿਆਹੀ ਏ,
ਦੂਰੋ ਦਿੱਸਦੀ ਪਈ ਲਿਸ਼ਕੋਰ।

ਮਿਟੀ ਜਨਮ ਜਨਮ ਦੀ ਪਿਆਸ,
ਪੂਰੀ ਹੋਈ ਏ ਅਧੂਰੀ ਹਰ ਆਸ,
ਮਿਹਰ ਵੱਸੀ ਬਣ ਘਟਾ ਘਨਘੋਰ।

ਤੇਰੇ ਰੰਗ ਵਿਚ ਐਸਾ ਗਿਆ ਰੰਗਿਆ
ਮੈਨੂੰ ਮਿਲਿਆ ਜੋ ਕੁਝ ਵੀ ਮੈਂ ਮੰਗਿਆ,
ਤਨ ਮਨ ਹੋਇਆ ਨਵਾਂ ਤੇ ਨਕੋਰ।

ਮੈਂ ਤਾਂ ਲੋਹੇ ਤੋਂ ਹੋ ਗਿਆਂ ਲਾਲ,
ਤੇਰੀ ਕਿਰਪਾ ਦਾ ਸਾਰਾ ਏ ਕਮਾਲ,
ਮੇਰੀ ਲੋਕਾਂ ਨਾਲ ਰਲਦੀ ਨ ਤੋਰ।

ਤੇਰਾ ਨਾਮ ਕਰੇ ਬੇੜਾ ਪਾਰ,
ਵਾਲ ਵਾਲ ਹੋਇਆ ਸ਼ੁਕਰ ਗੁਜ਼ਾਰ,
ਹੋਇਆ 'ਅਮਰੀਕ' ਹੋਰ ਦਾ ਹੋਰ।



Sri Satguru Jagjit Singh Ji Elibrary NamdhariElibrary@gmail.com

# ਸਬਰ ਅਜ਼ਮਾਓ ਨਾ

ਕਿਸੇ ਇਮਤਿਹਾਨ ਵਿਚ ਪਾਓ ਨਾ।
ਮੇਰਾ ਹੋਰ ਸਬਰ ਅਜ਼ਮਾਓ ਨਾ।

ਹਿਰਦੇ ਵਿਚ ਅਪਣੇ ਥਾਂ ਬਖ਼ਸ਼ੋ,
ਸਾਰੇ ਦੇ ਸਾਰੇ ਗੁਨਾਹ ਬਖ਼ਸ਼ੋ,
ਕਿਸੇ ਹੋਰ ਦਾ ਬਾਰ ਵਖਾਓ ਨਾ।

ਤਪਿਆ ਹਾਂ ਵਾਂਗ ਤੂੰਦਰਾਂ ਦੇ,
ਫਸਿਆ ਹਾਂ ਵਿਚ ਮਗਰੂਰਾਂ ਦੇ,
ਕਿਓਂ ਤਰਸ ਵੇਖ ਕੇ ਖਾਓ ਨਾ।

ਜੋ ਬਹੁਤੀ ਮੇਰੀ ਘਾਲ ਨਹੀਂ,
ਵੱਡਾ ਕੋਈ ਮੇਰਾ ਸਵਾਲ ਨਹੀਂ,
ਦਰ ਆਏ ਨੂੰ ਦੂਰ ਹਟਾਓ ਨਾ।

ਬਿਨ ਆਪ ਦੇ ਹੁਣ ਨਹੀਂ ਰਹਿ ਸਕਦਾ,
ਅਤੇ ਝਟਕੇ ਹੁਣ ਨਹੀਂ ਸਹਿ ਸਕਦਾ,
ਘੁਟ ਪਕੜੇ ਚਰਨ ਛੁਡਾਓ ਨਾ।

ਮੰਨਿਆਂ ਕਿ ਬਹੁਤਾ ਕੋਝਾ ਹਾਂ,
ਧਰਤੀ ਤੇ ਵਾਧੂ ਬੋਝਾ ਹਾਂ,
ਪਰ ਬਖ਼ਸ਼ਨ ਤੋਂ ਸ਼ਰਮਾਓ ਨਾ।

ਕੋਈ ਰਾਜ਼ ਤੁਸਾਂ ਤੋਂ ਲੁੱਕਿਆ ਨਹੀਂ,
ਮੇਰਾ ਸਫਰ ਅਜੇ ਤਕ ਮੁਕਿਆ ਨਹੀਂ,
ਅੱਧ ਵਾਟੇ ਹੀ ਛਡ ਜਾਓ ਨਾ।

ਦਰ ਦਰ ਤੇ ਧੱਕੇ ਖਾਧੇ ਨੇ,
ਜਰੇ ਬਹੁਤ ਜਗਤ ਦੇ ਵਾਧੇ ਨੇ,
ਨਾਂਹ ਕਰ 'ਅਮਰੀਕ' ਮਰਾਓ ਨਾ।



Sri Satguru Jagjit Singh Ji Elibrary NamdhariElibrary@gmail.com

# ਸੱਜਣ ਦੀ ਸਿਫਤ

ਹੀਰੇ ਬਹੁਤ ਵਡ ਮੁੱਲੇ ਨੇ ਜਗ ਅੰਦਰ,
ਹੀਰਾ ਕੋਈ ਨਾਹੀਂ ਕੋਹੇ ਨੂਰ ਜੇਹਾ।

ਜਿਥੇ ਮੂਸੇ ਨੂੰ ਰੱਬ ਦੀਦਾਰ ਦਿਤਾ,
ਪਰਬਤ ਹੋਰ ਕਿਹੜੈ ਕੋਹੇ ਤੂਰ ਜੇਹਾ।

ਉੱਚੇ ਰੁਖ ਨੇ ਬੜੇ ਜਹਾਨ ਅੰਦਰ,
ਉੱਚਾ ਰੁਖ ਨਹੀਂ ਕੋਈ ਖਜੂਰ ਜੇਹਾ।

ਮਿੱਠੇ ਫਲਾਂ ਦਾ ਅੰਤ ਨਹੀਂ ਵਿਚ ਬਾਗਾਂ,
ਮਿੱਠਾ ਲੱਗੇ ਨ ਕੋਈ ਅੰਗੂਰ ਜੇਹਾ।

ਦੀਦ ਯਾਰ ਦੀ ਵਿਚ ਹੈ ਅਸਰ ਐਸਾ,
ਮਿਲ ਕੇ ਆਉਂਦਾ ਏ ਰੱਬੀ ਸਰੂਰ ਜੇਹਾ।

ਦੁਨੀਆਂ ਵਿਚ ਹੁਸੀਨਾਂ ਦੀ ਕਮੀ ਕੀ ਏ,
ਸੋਹਣਾਂ ਕੋਈ ਨਹੀਂ ਆਪ ਹਜ਼ੂਰ ਜੇਹਾ।

ਸ਼ਾਇਰ ਲੋਕ ਨਹੀਂ ਫ਼ੈਸਲਾ ਕਰ ਸਕਿਆ,
ਯੂਸਫ਼ ਵਰਗਾ ਏ ਜਾਂ ਇਕ ਹੂਰ ਜੇਹਾ।

(ਮਿਠੀਆਂ ਮਿਰਚਾਂ ਵਿਚੋਂ)



Sri Satguru Jagjit Singh Ji Elibrary NamdhariElibrary@gmail.com

# ਹਾਲ ਬੇਹਾਲ ਹੋਇਆਂ

ਤੇਥੋਂ ਵਿਛੜ ਕੇ ਹਾਲ ਬੇਹਾਲ ਹੋਇਆ।
ਜੀਣਾਂ ਸੱਜਣਾਂ ਬਾਝ ਮੁਹਾਲ ਹੋਇਆ।

ਬਾਗਾਂ ਵਿਚ ਬਹਾਰਾਂ ਦੀ ਰੁੱਤ ਆਈ,
ਅਸਰ ਸਾਡੇ ਤੇ ਨਹੀਂ ਰਵਾਲ ਹੋਇਆ।

ਸਾਥੋਂ ਜ਼ਿੰਦਗੀ ਹੀ ਮਾਨੋ ਰੁੱਸ ਗਈ ਏ,
ਕਦੋਂ ਪਤਾ ਨਹੀਂ ਸਿਆਲ-ਹੁਨਾਲ ਹੋਇਆ।

ਸਭ ਕੁਝ ਅਸਾਂ ਜ਼ਬਾਨੀ ਹੀ ਕਹਿ ਸੁਣਿਆ,
ਸੀਨਾਂ ਪਾੜ ਕੇ ਨਹੀਂ ਵਿਖਾਲ ਹੋਇਆ।

ਹੱਸ ਕਿਹਾ ਪਿਆਰਿਆਂ ਜਾ ਮਰ ਜਾ,
ਚਿਹਰਾ ਸੁਣਦਿਆਂ ਲਾਲ ਗੁਲਾਲ ਹੋਇਆ।

ਅਸੀਂ ਮੌਤ ਨੂੰ ਕੁਝ ਵੀ ਸਮਝਦੇ ਨਹੀਂ,
ਨਸ਼ਾ ਪਿਆਰ ਦਾ ਯਾਰ ਕਮਾਲ ਹੋਇਆ।

ਸਭ ਕੁਝ ਅਸਾਂ ਜ਼ਮਾਨੇ ਤੋਂ ਵਾਰਿਆ ਏ,
ਕੁਝ ਨਹੀਂ ਸਾਨੂੰ ਜਮਾਨਾ ਦਵਾਲ ਹੋਇਆ।

ਨਜ਼ਰ ਹੋਰ ਨ ਕਿਸੇ ਤੇ ਟਿਕੀ ਸਾਡੀ,
ਹੁਸਨ ਯਾਰ ਦਾ ਬੇ ਮਿਸਾਲ ਹੋਇਆ।

ਜੋਬਨ ਇਸ਼ਕ ਨੂੰ ਜਿਨ੍ਹਾਂ ਨੇ ਸੌਂਪਿਆ ਏ,
ਉਸ ਜੋਬਨ ਦਾ ਨਹੀਂ ਜ਼ਵਾਲ ਹੋਇਆ।

ਵਸਲ ਯਾਰ ਦਾ ਹੋਇਆ ਨਸੀਬ ਸਾਨੂੰ,
ਸਾਡੇ ਜੀਵਨ ਦਾ ਹੱਲ ਸਵਾਲ ਹੋਇਆ।
(ਗ਼ਮ ਦੀ ਮਹਿਕ)



Sri Satguru Jagjit Singh Ji Elibrary NamdhariElibrary@gmail.com

# ਸਿਫਤ ਸੱਜਣ ਦੀ

ਸਿਫਤ ਸੱਜਣ ਦੀ ਕਿਵੇਂ ਸੁਣਾਵਾਂ।
ਸੌ ਸੌ ਵਾਰ ਸਦੱਕੜੇ ਜਾਵਾਂ।

ਕੋਲ ਬੈਠਿਆਂ ਸਬਰ ਨ ਆਵੇ,
ਜੀ ਕਰਦੈ ਘੁਟ ਜੱਫੀਆਂ ਪਾਵਾਂ।

ਸਾਰੀ ਉਮਰਾ ਕਦੇ ਨ ਵਿਛੜਾਂ,
ਬਣ ਜਾਵਾਂ ਉਸਦਾ ਪਰਛਾਵਾਂ।

ਅਠ ਸਠ ਤੀਰਥ ਦੀਦ ਮਾਹੀ ਦੀ,
ਕਿਸ ਤੀਰਥ ਤੇ ਦਸ ਫਿਰ ਨ੍ਹਾਵਾਂ।

ਕਿਸ ਬਿਧ ਕਰਾਂ ਆਰਤੀ ਉਸਦੀ,
ਜਲ ਕਿਹੜੇ ਦਾ ਅਰਘ ਚੜ੍ਹਾਵਾਂ।

ਪਿਆਰ ਨਾਲ ਉਸ ਤਕਿਆ ਸਾਨੂੰ,
ਉੱਸਲ ਵੱਟ ਲਏ ਅਜ ਭਾਵਾਂ।

ਸੱਜਣ ਲੰਘ ਗਿਆ ਜਿਸ ਰਾਹੋਂ,
ਭਰੀਆਂ ਖ਼ੁਸ਼ਬੂ ਨਾਲ ਫ਼ਜ਼ਾਵਾਂ।

ਸੱਦ ਸਾਨੂੰ ਜਦ ਕੋਲ ਬਿਠਾਇਆ,
ਆਖ਼ਰ ਚੁੱਕ ਲਈ ਦੇ ਚਾਵਾਂ।

ਮਨ-ਮੰਦਰ ਵਿਚ ਸਦਾ ਬਿਰਾਜੇ,
ਰੀਝਾਂ ਦੀ ਨਿੱਤ ਸੇਜ ਵਿਛਾਵਾਂ।

ਰੋਮ ਰੋਮ ਵਿਚ ਰਚਿਆ ਮਾਹੀ,
ਕਹੋਂ ਤਾਂ ਸੀਨਾ ਚੀਰ ਵਿਖਾਵਾਂ।

ਐ 'ਅਮਰੀਕ' ਨ ਠੱਲੀਆਂ ਜਾਵਣ,
ਕਾਂਗ ਚੜ੍ਹੀ ਏ ਦਿਲ ਦਰਿਆਵਾਂ।
(ਗਮ ਦੀ ਮਹਿਕ)



Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com